# ਸਮਤਾ

ਨਵੰਬਰ 1984 (ਅੰਕ 54)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੰਜੀ ਲਾਇਬ੍ਰੇਰੀ ਵਿੱਚੋਂ।

ਨਵੰਬਰ, 1984

ਮੁੱਲ—ਦੋ ਰੁਪਏ

54

## ਸੰਪਾਦਕੀ : ਪੰਜਾਬ ਦਾ ਸੰਤਾਪ

ਸਾਧਾਰਨ ਲੋਕਾਂ ਲਈ ਪੰਜਾਬ ਦਾ ਸੰਤਾਪ ਮੁਕਿਆ ਨਹੀਂ, ਭਾਵੇਂ ਹਰੇਕ ਇਹ ਚਾਹੁੰਦਾ ਹੈ ਕਿ ਜਲਦੀ ਤੋਂ ਜਲਦੀ ਫੈਸਲੇ ਹੋਣ ਤੇ ਹਾਲਾਤ ਸਾਧਾਰਨ ਵਰਗੇ ਹੋਣ। ਲੱਖਾਂ ਲੋਕਾਂ ਨੇ ਦਰਬਾਰ ਸਾਹਿਬ ਦੀ ਕਾਰ ਸੇਵਾ ਵਿਚ ਜਿਸ ਤਰ੍ਹਾਂ ਅਮਨ ਅਮਾਨ ਨਾਲ ਹਿੱਸਾ ਲਿਆ ਹੈ, ਹਿੰਦੂ ਵੀਰ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਹਨ, ਇਹ ਦਸਦਾ ਹੈ ਕਿ ਲੋਕ ਅਮਨ ਸ਼ਾਂਤੀ ਚਾਹੁੰਦੇ ਹਨ। ਫੇਰ ਉਹ ਕਿਹੜੀਆਂ ਤਾਕਤਾਂ ਹਨ, ਜੋ ਇਸ ਸੰਤਾਪ ਦੇ ਦੌਰ ਨੂੰ ਲੰਮੇਰਾ ਕਰ ਰਹੀਆਂ ਹਨ ? ਸਾਨੂੰ ਉਹਨਾਂ ਤੇ ਸਪੱਸ਼ਟ ਉਂਗਲ ਰਖਣੀ ਚਾਹੀਦੀ ਹੈ।

- ਇਕ ਤਾਕਤ ਹੈ, ਕੇਂਦਰ ਦੀ ਕਾਂਗਰਸੀ ਹਕੂਮਤ, ਜੋ ਪੰਜਾਬ ਦੇ ਮਸਲੇ ਦਾ ਫੌਰੀ ਹੱਲ ਲੱਭਣ ਦੀ ਥਾਂ ਇਸ ਬਾਰੇ ਵੋਟਾਂ ਦੀਆਂ ਗਿਣਤੀਆਂ ਮਿਣਤੀਆਂ ਦੇ ਪ੍ਰਸੰਗ ਵਿਚ ਹੀ ਸੋਚ ਰਹੀ ਹੈ। ਉਹਦਾ ਇਕੋ ਨਿਸ਼ਾਨਾ ਹੈ ਕਿ ਕਿਸੇ ਤਰ੍ਹਾਂ ਅਕਾਲੀ ਪਾਰਟੀ ਨੂੰ ਵੱਧ ਤੋਂ ਵੱਧ ਢਾਹ ਲਾਈ ਜਾਏ। ਇਸਦੇ ਵਾਸਤੇ ਸਮੁੱਚੇ ਦੇਸ਼ ਦੇ ਹਿੱਤ ਜਾਂ ਪੰਜਾਬੀਆਂ ਦੇ ਹਿੱਤ ਕੋਈ ਅਹਿਮੀਅਤ ਨਹੀਂ ਰੱਖਦੇ। ਜੇ ਇਹ ਅਹਿਮੀਅਤ ਰਖਦੇ ਹੁੰਦੇ ਤਾਂ ਇਹ ਕਦੀ ਨਾ ਭੁਲਿਆ ਜਾਂਦਾ ਕਿ ਪੰਜਾਬ ਸਿਰਫ ਅਕਾਲੀਆਂ ਜਾਂ ਕਾਂਗਰਸੀਆਂ ਦਾ ਨਹੀਂ, ਇਹ ਪੰਜਾਬੀ ਲੋਕਾਂ ਦਾ ਹੈ, ਜਿਨ੍ਹਾਂ ਦਾ ਹਿੰਦੁਸਤਾਨ ਦੀ ਆਰਥਿਕਤਾ ਵਿਚ ਇਕ ਵਿਸ਼ੇਸ਼ ਹਿੱਸਾ ਹੈ। ਸਿਆਸੀ ਪੱਧਰ ਤੇ ਡਾਵਾਂਡੋਲਤਾ ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰ ਰਹੀ ਹੈ, ਜਿਸ ਦਾ ਬਾਕੀ ਹਿੰਦੋਸਤਾਨ ਦੀ ਆਰਥਿਕਤਾ ਤੇ ਅਸਰ ਪੈਣਾ ਲਾਜ਼ਮੀ ਹੈ। ਸਪਸ਼ਟ ਹੈ, ਕੇਂਦਰੀ ਹਕੂਮਤ ਪੰਜਾਬ ਦੀ ਦੁਸ਼ਮਣ ਹੋ ਕੇ ਨਿਬੜ ਰਹੀ ਹੈ।
- ਦੂਜੇ ਨੰਬਰ ਤੇ, ਮਿਲਟਰੀ ਅਤੇ ਪੁਲਸ (ਖ਼ਾਸ ਕਰਕੇ ਪੁਲਸ) ਦੀਆਂ ਕਾਰਗੁਜ਼ਾਰੀਆਂ ਪੰਜਾਬ ਦੇ ਸੰਤਾਪ ਨੂੰ ਵਧਾ ਰਹੀਆਂ ਹਨ। ਪੰਜਾਬ ਪੁਲਸ ਪਹਿਲੇ ਹੀ ਆਪਣੇ ਗੈਰ ਮਨੁੱਖੀ ਤੌਰ ਤਰੀਕੇ ਕਰਕੇ ਬਦਨਾਮ ਹੈ, ਆਪਣੀਆਂ ਜੂਨ ਤੋਂ ਪਹਿਲੇ ਦੀਆਂ ਨਾਲਾਇਕੀਆਂ ਉਤੇ ਪਰਦਾ ਪਾਉਣ ਲਈ, ਤੇ ਕੇਂਦਰ ਅੱਗੇ ਸੁੱਚੇ ਹੋਣ ਲਈ ਹੁਣ ਉਹ ਲੋਕਾਂ ਤੇ ਬਹੁਤ ਨਾਜਾਇਜ਼ ਕਿਸਮ ਦਾ ਦਮਨ ਕਰ ਰਹੀ ਹੈ। ਅਗਲੇ ਸਫ਼ਿਆਂ ਤੇ ਸੰਪਾਦਕ ਵੱਲ, ਇਕ ਦੁਖੀ ਬਾਪ ਦੀ ਚਿੱਠੀ ਹੈ ਕਿ ਕਿਸ ਤਰ੍ਹਾਂ ਉਹਦੇ ਜਵਾਨ ਪੁਤਰ ਸੁਖਜੀਵਨ ਸਿੰਘ ਨੂੰ ਸਰਬਜੀਤ ਸਿੰਘ ਕਰਾਰ ਦੇ ਕੇ ਝੂਠੇ ਮੁਕਾਬਲੇ ਵਿਚ ਖ਼ਤਮ ਕਰ ਦਿੱਤਾ ਗਿਆ ਹੈ। ਇਹੋ ਜਿਹੀਆਂ ਅਨੇਕਾਂ ਖ਼ਬਰਾਂ ਹੁਣ ਰੋਜ਼ ਸੁਣਨ ਨੂੰ ਮਿਲ ਰਹੀਆਂ ਹਨ। ਨੌਜਵਾਨਾਂ ਨੂੰ ਮਾਰਿਆ ਵੀ ਜਾ ਰਿਹਾ ਹੈ ਅਤੇ ਤਸੀਹੇ ਦੇ ਕੇ ਉਮਰ ਭਰ ਲਈ ਅਪਾਹਜ ਵੀ ਕੀਤਾ ਜਾ ਰਿਹਾ ਹੈ। ਪੁਲਸ ਮਹਿਕਮੇ ਵਿਚ ਹੁਣ ਆਈ. ਜੀ. ਅਤੇ ਡੀ. ਆਈ. ਜੀ. ਦੀਆਂ ਅਸਾਮੀਆਂ ਅੰਨ੍ਹੇਵਾਹ ਵਧਾਈਆਂ ਜਾ ਰਹੀਆਂ ਹਨ, ਤੇ ਆਧਾਰ ਇਹੀ ਹੈ ਕਿ ਪੰਜਾਬ ਵਿਚ ਅਤਿਵਾਦ ਨੂੰ ਨਜਿੱਠਣ ਲਈ ਇਹ ਕਰਨਾ ਜ਼ਰੂਰੀ ਹੈ। ਸੋ ਜੇ ਅਤਿਵਾਦ ਨਾ ਵੀ ਹੋਇਆ ਤਾਂ ਇਹਨਾਂ ਪੈਦਾ ਕਰੀ ਰਖਣਾ ਹੈ ਤਾਂ ਜੋ ਇਹ ਵਧੀਆਂ ਹੋਈਆਂ ਅਸਾਮੀਆਂ ਕਾਇਮ ਰਹਿਣ। ਅਤਿਵਾਦੀ ਕਾਰਵਾਈਆਂ ਦਾ ਡਰਾਮਾ ਰਚਿਆ ਹੀ ਜਾਂਦਾ ਰਹੇਗਾ। ਪੰਜਾਬ ਪੁਲਸ ਦਾ ਸਾਰਾ ਇਤਿਹਾਸ ਦਸਦਾ ਹੈ ਕਿ ਉਹ ਇਸ ਹੁਨਰ ਦੇ ਹੰਢੇ ਹੋਏ ਉਸਤਾਦ ਹਨ। ਆਪਣੇ ਸਟਾਰ ਵਧਾਉਣ ਦੀ ਖ਼ਾਤਰ ਕੁਝ ਜਾਨਾਂ ਦੀ ਬਲੀ ਉਹਨਾਂ ਲਈ ਮਮੂਲੀ ਗੱਲ ਹੈ।
- ਤੀਜੀ ਥਾਂ ਤੇ, ਪੰਜਾਬ ਦੇ ਸੰਤਾਪ ਨੂੰ ਵਧਾਉਣ ਵਿਚ ਇਕ ਵੱਡਾ ਹਿੱਸਾ ਬਦੇਸ਼ਾਂ ਵਿਚ ਬੈਠੇ ਖ਼ਾਲਿਸਤਾਨੀਆਂ ਦਾ ਵੀ ਹੈ। ਰਿਪੋਰਟਾਂ ਛਪਦੀਆਂ ਹਨ ਕਿ ਜੂਨ ਵਿਚ ਹਰਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਦੇ ਬਾਅਦ

### ਇਸ ਅੰਕ ਵਿਚ :

ਸੰਪਾਦਕੀ—ਪੰਜਾਬ ਦਾ ਸੰਤਾਪ ○ ਕਵਿਤਾ/ਸੰਤੋਖ ਸਿੰਘ ਧੀਰ ○ —ਝੂਠੇ ਪੁਲਸ ਮੁਕਾਬਲੇ ਵਿਚ ਮਾਰੇ ਗਏ ਇਕ ਨੌਜਵਾਨ ਦੇ ਦੁੱਖੀ ਬਾਪ ਦੀ ਸੰਪਾਦਕ ਵੱਲ ਚਿੱਠੀ ○ —ਪ੍ਰੋ. ਭਾਰਦਵਾਜ ਦੇ ਦੱਸ ਸਵਾਲ ਤੇ ਉਹਨਾਂ ਦੇ ਜਵਾਬ ○ —ਜਮਹੂਰੀ ਹੱਕਾਂ ਲਈ ਸੰਘਰਸ਼ ਕਮੇਟੀ ਦੀ ਰਿਪੋਰਟ

—ਇੰਗਲੈਂਡ ਤੋਂ ਸੰਪਾਦਕ ਵੱਲ ਚਿੱਠੀ ਤੇ ਉਸਦਾ ਜਵਾਬ ○ ਫਿਰਕਾਪ੍ਰਸਤੀ ਵਿਰੁਧ ਸੈਮੀਨਾਰ: ਗੁਰਬਖ਼ਸ਼ ਜੱਸ, ਕਰਿਡ, ਵਿਚਾਰ ਮੰਚ ਚੰਡੀਗੜ੍ਹ, ਪ੍ਰੋਲੇਤਾਰੀ ਸਟੱਡੀ ਸੈਂਟਰ ਅੰਮ੍ਰਿਤਸਰ ਅਤੇ ਡੈਮੋਕਰੇਟਿਕ ਪੀਪਲਜ਼ ਫਰੰਟ ਮਾਨਸਾ ਅਤੇ ਤਲਵਾੜਾ ○ ਪੁਸਤਕ ਪਹਿਚਾਣ—ਪਹੁੰਚੇ ਹਾਂ ਕਿਸ ਮੁਕਾਮ ਤੇ (ਪ ਲ ਸ ਮੰਚ ਪ੍ਰਕਾਸ਼ਨ)।

ਖ਼ਾਲਿਸਤਾਨੀ ਬੜੇ ਸਰਗਰਮ ਹੋ ਗਏ ਹਨ। ਉਹਨਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਹਨਾਂ ਦੀਆਂ ਕਾਰਵਾਈਆਂ ਪੰਜਾਬ ਦਾ ਵਾਤਾਵਰਨ ਜ਼ਹਿਰੀ ਬਨਾਉਣ ਲਈ ਕੀ ਹਿੱਸਾ ਪਾ ਰਹੀਆਂ ਹਨ। ਉਹਨਾਂ ਨੂੰ ਇਸ ਗੱਲ ਨਾਲ ਵੀ ਕੋਈ ਸਰੋਕਾਰ ਨਹੀਂ ਕਿ ਏਨਾਂ ਕੁਝ ਹੋ ਜਾਣ ਦੇ ਬਾਅਦ ਵੀ ਪੰਜਾਬ ਦੇ ਸਾਧਾਰਨ ਸਿੱਖਾਂ ਵਿਚ ਉਹਨਾਂ ਦਾ ਕੋਈ ਆਧਾਰ ਨਹੀਂ। ਨਾਂ ਹੀ ਉਹਨਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਹੈ ਕਿ ਪੰਜਾਬ ਤੋਂ ਬਾਹਰ ਬਾਕੀ ਹਿੰਦੁਸਤਾਨ ਵਿਚ ਰਹਿ ਰਹੇ ਪੰਜਾਬੀਆ ਦਾ ਇਸ ਖ਼ਾਲਿਸਤਾਨੀ ਤਹਿਰੀਕ ਨਾਲ ਕੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਦੂਜੇ ਦੇਸ਼ਾਂ ਵਿਚ ਉਹ ਜਿਸ ਤਰ੍ਹਾਂ ਵਿਚਰ ਰਹੇ ਹਨ ਅਤੇ ਉਹਨਾਂ ਦਾ ਪ੍ਰਾਪੇਗੰਡਾ ਜਿਸ ਤਰ੍ਹਾਂ ਪੰਜਾਬ ਵਿਚੋਂ ਪੁੱਜ ਰਿਹਾ ਹੈ, ਉਹ ਬਹੁਤ ਵਾਰ ਪੰਜਾਬ ਦੇ ਨੌਜਵਾਨਾਂ ਨੂੰ 'ਖ਼ਾਲਿਸਤਾਨ ਤਹਿਰੀਕ' ਦੀ ਅਸਲੀ ਤਾਕਤ ਦਾ ਭੁਲੇਖਾ ਪਾ ਦੇਂਦਾ ਹੈ ਜਿਸ ਤਰ੍ਹਾਂ ਬਾਹਰ ਦੀਆਂ ਤਾਕਤਾਂ ਦੀ ਮੱਦਦ ਨਾਲ ਖ਼ਾਲਿਸਤਾਨ ਬਣਿਆ ਕਿ ਬਣਿਆ। ਜੋਸ਼ ਵਿਚ ਆ ਕੇ ਇਹ ਨਾਹਰੇ ਲਗਾਂਦੇ ਹਨ। ਝੰਡੇ ਝੁਲਾਂਦੇ ਹਨ। ਗੱਲ ਰੌਲੇ ਰੱਪੇ ਵਿਚ ਮੁੱਕ ਜਾਂਦੀ ਹੈ ਅਤੇ ਕੁਝ ਨੌਜਵਾਨ ਹੋਰ ਤਸੀਹੇ ਝੱਲਣ ਲਈ ਪੁਲੀਸ ਹਿਰਾਸਤ ਵਿਚ ਪੁੱਜ ਜਾਂਦੇ ਹਨ। ਇਹਨਾਂ ਨੌਜਵਾਨਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿਸ ਖ਼ਾਲਿਸਤਾਨ ਪਿਛੇ ਉਹ ਇਹ ਸਭ ਕੁਰਬਾਨੀਆਂ ਕਰ ਰਹੇ ਹਨ, ਉਹਦਾ ਝੰਡਾ ਚੁੱਕਣ ਵਾਲੇ ਬਦੇਸ਼ਾਂ ਵਿਚ ਕਿਸ ਤਰ੍ਹਾਂ ਇਸੇ ਖ਼ਾਲਿਸਤਾਨ ਦੇ ਨਾਂ ਇਕੱਠੇ ਕੀਤੇ ਫੰਡਾਂ ਦੀ ਵੰਡ ਪਿੱਛੇ ਇਕ ਦੂਜੇ ਨਾਲ ਜੂਤ-ਪਤੰਗ ਹੋ ਰਹੇ ਹਨ ਇਸ ਪ੍ਰਸੰਗ ਵਿਚ ਖ਼ਾਲਿਸਤਾਨ ਦੀ ਹਾਮੀ ਇਕ ਅਖ਼ਬਾਰ 'ਕੈਨੇਡੀਅਨ ਟਾਈਮਜ਼' ਦੇ ਇਕ ਸੰਪਾਦਕੀ ਦੇ ਇਕ ਸੰਪਾਦਕੀ ਦੇ ਕੁਝ ਅੰਸ਼ ਅਗਲਿਆਂ ਸਫ਼ਿਆਂ ਵਿਚ ਦਿਤੇ ਗਏ ਹਨ। ਪੰਜਾਬ ਵਿਚ ਰਹਿ ਰਹੇ ਲੋਕ ਜਿੰਨੀ ਜਲਦੀ ਇਸ ਅਸਲੀਅਤ ਨੂੰ ਸਮਝ ਜਾਣ ਉਨਾਂ ਹੀ ਚੰਗਾ ਹੈ।

o ਚੌਥੀ ਥਾਂ ਤੇ ਫ਼ਿਰਕਾਪ੍ਰਸਤੀ ਦੀ ਤਾਕਤ ਆਂਦੀ ਹੈ। ਫ਼ਿਰਕੂ ਖ਼ਾਲਿਸਤਾਨੀ ਸ਼ਕਤੀਆਂ ਦੇ ਇਲਾਵਾ ਆਪਣੇ ਦੇਸ਼ ਵਿਚ ਵੱਡੀ ਪੱਧਰ ਤੇ ਫੈਲੀ ਹੋਈ ਫ਼ਿਰਕੂ ਸੋਚ ਵੀ ਪੰਜਾਬ ਦੇ ਸੰਤਾਪ ਨੂੰ ਵਧਾ ਰਹੀ ਹੈ। ਇਕ ਫ਼ਿਰਕੇ ਦੀ ਫ਼ਿਰਕਾਪ੍ਰਸਤੀ ਦੂਜੇ ਫ਼ਿਰਕੇ ਦੀ ਫ਼ਿਰਕਾਪ੍ਰਸਤੀ ਦਾ ਆਧਾਰ ਬਣਦੀ ਹੈ। ਦੇਸ਼ ਭਰ ਵਿਚ ਆਰ.ਐਸ.ਐਸ. ਦੀ ਅਗਵਾਈ ਵਿਚ ਹਿੰਦੂ ਫ਼ਿਰਕਾਪ੍ਰਸਤੀ ਜੋ ਜਨੂੰਨ ਦੀ ਸ਼ਕਲ ਇਖ਼ਤਿਆਰ ਕਰ ਰਹੀ ਹੈ, ਉਹ ਇਕ ਬੜੀ ਹੀ ਖ਼ਤਰਨਾਕ ਸ਼ਕਤੀ ਹੈ। ਹੁਣ ਇਹ ਖੁਲ੍ਹਮਖੁਲ੍ਹਾ ਕਿਹਾ ਜਾ ਰਿਹਾ ਹੈ ਕਿ ਭਾਰਤ ਦੀ ਸੰਸਕ੍ਰਿਤੀ ਹਿੰਦੂ ਸੰਸਕ੍ਰਿਤੀ ਹੈ ਤੇ ਜਿਹੜੇ ਇਸ ਸੰਸਕ੍ਰਿਤੀ ਨੂੰ ਸਵੀਕਾਰ ਨਹੀਂ ਕਰਦੇ, ਉਹ ਵਿਧਾਨ ਵਿਚ ਦਿਤੇ ਗਏ ਬੁਨਿਆਦੀ ਹੱਕਾਂ ਦੇ ਕੋਈ ਹੱਕਦਾਰ ਨਹੀਂ। ਪੰਜਾਬ ਦੇ ਬਾਹਰ ਜਮਹੂਰੀ ਸ਼ਕਤੀਆਂ ਇਸ ਜਨੂੰਨ ਦਾ ਮੁਕਾਬਲਾ ਕਰਨ ਲਈ ਪੂਰੀ ਲਾਮਬੰਦੀ ਕਰ ਰਹੀਆਂ ਹਨ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਹਨਾਂ ਸ਼ਕਤੀਆਂ ਨਾਲ ਇਕਮਿਕ ਹੋਈਏ ਅਤੇ ਦੇਸ਼ ਪੱਧਰ ਤੇ ਇਸਦਾ ਮੁਕਾਬਲਾ ਕਰੀਏ। ਫ਼ਿਰਕਾਪ੍ਰਸਤੀ ਦਾ ਮੁਕਾਬਲਾ ਆਪ ਫ਼ਿਰਕੂ ਬਣ ਕੇ ਨਹੀਂ ਕੀਤਾ ਜਾ ਸਕਦਾ। ਫ਼ਿਰਕਾਪ੍ਰਸਤੀ ਦੀ ਲਾਅਨਤ ਨੂੰ ਖ਼ਤਮ ਕੀਤੇ ਬਿਨਾਂ ਪੰਜਾਬ ਦਾ ਸੰਤਾਪ ਨਹੀਂ ਮੁਕ ਸਕਦਾ, ਇਸ ਪ੍ਰਸੰਗ ਵਿਚ ਸਾਡੇ ਬੁਧੀਜੀਵੀਆਂ ਅਤੇ ਲੇਖਕਾਂ ਦਾ ਇਕ ਖ਼ਾਸ ਫ਼ਰਜ਼ ਬਣਦਾ ਹੈ। ਇਹ ਦੇਖਿਆ ਗਿਆ ਹੈ ਕਿ ਜਜ਼ਬਾਤ ਦੇ ਵਹਿਨ ਵਿਚ ਵਹਿੰਦੇ ਹੋਏ ਸਾਡੇ ਬਹੁਤ ਸਾਰੇ ਲੇਖਕਾਂ ਨੇ ਇਸ ਫ਼ਰਜ਼ ਨੂੰ ਨਹੀਂ ਪਛਾਣਿਆਂ। 3 ਜੂਨ ਤੋਂ ਪਹਿਲਾਂ ਵੀ ਅਤੇ 3 ਜੂਨ ਤੋਂ ਬਾਅਦ ਵੀ ਪੰਜਾਬ ਵਿਚ ਬਹੁਤ ਕੁਝ ਗ਼ਲਤ ਵਾਪਰਿਆ ਹੈ। ਇਹਦਾ ਸਹੀ ਮੁਲਅੰਕਣ ਕਰਨ ਲਈ ਸਾਰੇ ਦੌਰ ਉਤੇ ਨਜ਼ਰਸਾਨੀ ਕਰਨੀ ਜ਼ਰੂਰੀ ਹੈ। ਇਕ ਦੂਜੇ ਨੂੰ ਮੇਹਣੇ ਦੇਣ ਨਾਲ ਗੱਲ ਨਹੀਂ ਬਣਦੀ। ਇਹ ਸੱਚਾਈ ਮੰਨ ਲੈਣੀ ਚਾਹੀਦੀ ਹੈ ਕਿ ਭਿੰਡਰਾਂਵਾਲਾ ਦੌਰ ਵਿਚ ਵੀ ਲੋਕਾਂ ਨੂੰ ਡਰ ਅਤੇ ਸਹਿਮ ਸੀ ਤੇ ਹੁਣ ਦੇ ਮਿਲਟਰੀ ਤੇ ਪੁਲਸ ਦੇ ਦੌਰ ਵਿਚ ਵੀ ਡਰ ਅਤੇ ਸਹਿਮ ਹੈ, ਕਲਮਾਂ ਵਾਲੇ ਵੀ ਸਾਧਾਰਨ ਬੰਦੇ ਹਨ। ਉਹ ਡਰ ਵੀ ਸਕਦੇ ਹਨ ਤੇ ਸਹਿਮ ਵੀ ਸਕਦੇ ਹਨ। ਕਿਸੇ ਇਕ ਉਤੇ ਮੁਸੀਬਤ ਆਈ ਜਾਂ ਆ ਜਾਏ ਤਾਂ ਬਾਕੀ ਭਾਈਚਾਰੇ ਵਲੋਂ ਕੋਈ ਬਚਾਅ ਦੀ ਗਰੰਟੀ ਨਹੀਂ। ਇਸ ਲਈ ਕੋਈ ਡਰ ਕੇ ਚੁੱਪ ਰਿਹਾ ਹੈ ਜਾਂ ਚੁੱਪ ਰਹਿ ਰਿਹਾ ਹੈ ਤਾਂ ਗਿਲਾ ਨਹੀਂ। ਨਿੰਦਣਯੋਗ ਗੱਲ ਉਸ ਵੇਲੇ ਆਂਦੀ ਹੈ ਜਦੋਂ ਕੋਈ ਐਵੇਂ ਤੀਸਮਾਰੀ ਦੀ ਫੜ ਮਾਰੇ ਜਾਂ ਪੈਸੇ ਨਾਲ ਵਿੱਕ ਕੇ ਜ਼ਮੀਰ ਦੇ ਉਲਟ ਲਿਖੇ। ਪੰਜਾਬ ਦੇ ਬੁਧੀਜੀਵ ਜੇ balanced ਰਹਿਣ ਤਾਂ ਉਹ ਪੰਜਾਬ ਦੇ ਸੰਤਾਪ ਨੂੰ ਘਟਾਉਣ ਵਿਚ ਵੱਡਾ ਹਿੱਸਾ ਪਾ ਸਕਦੇ ਹਨ। ਇਸ ਵੇਲੇ ਲੋੜ ਹੈ ਕਿ ਸਹੀ ਦੁਸ਼ਮਣ ਦੀ ਪਛਾਣ ਕਰੀਏ। ਇਸ ਅੰਕ ਵਿਚ ਸੈਮੀਨਾਰ ਦੀ ਸ਼ਕਲ ਵਿਚ ਤਿੰਨ ਲੇਖ ਫ਼ਿਰਕਾਪ੍ਰਸਤੀ ਬਾਰੇ ਦਿਤੇ ਜਾ ਰਹੇ ਹਨ। ਇਹਨਾਂ ਵਿਚ ਬਹੁਤ ਸਾਰੇ ਐਸੇ ਨੁੱਕਤੇ ਉਠਾਏ ਗਏ ਹਨ ਜਿਹੜਾ ਦਲੀਲ ਦੀ ਪੱਧਰ ਤੇ ਸਾਡੀ balanced ਸੋਚ ਬਨਾਉਣ ਵਿਚ ਸਹਾਇਤਾ ਕਰ ਸਕਦੇ ਹਨ। ਇਹਨਾਂ ਦਾ ਨੋਟਿਸ ਲੈਣਾ ਜ਼ਰੂਰੀ ਹੈ।

o o ਸੋ ਅਸੀਂ ਕਹਿ ਸਕਦੇ ਹਾਂ ਕਿ ਕੇਂਦਰੀ ਹਕੂਮਤ ਆਪਣੀਆਂ ਗ਼ਲਤ ਨੀਤੀਆਂ ਕਰਕੇ, ਖ਼ਾਲਿਸਤਾਨੀ ਆਪਣੀਆਂ ਗੈਰ ਜ਼ਿੰਮੇਵਾਰ ਹਰਕਤਾਂ ਕਰਕੇ ਅਤੇ ਫ਼ਿਰਕਾਪ੍ਰਸਤੀ ਆਪਣੀ ਪਿਛਾਂਹਖਿਚੂ ਸੋਚ ਕਰਕੇ ਪੰਜਾਬ ਦੇ ਸੰਤਾਪ ਦੇ ਜ਼ਿੰਮੇਵਾਰ ਹਨ ਤੇ ਇਨ੍ਹਾਂ ਵਿਰੁਧ ਇਕ ਸਰਬ ਵਿਆਪਕ ਸੰਘਰਸ਼ ਵਿਚ ਹੀ ਸਾਡੀ ਨਿਜਾਤ ਹੈ। —ਗੁਰਸ਼ਰਨ ਸਿੰਘ

ਦੋ ਕਵਿਤਾਵਾਂ/ਸੰਤੋਖ ਸਿੰਘ ਧੀਰ

## ਲਾਅਨਤ ਉਸ ਕਲਮ ਦੇ

ਇੱਕ ਹਾਂ ਅਸੀਂ
ਸਮੁੰਦਰਾਂ ਦੇ ਪਾਣੀਆਂ ਵਾਂਗ
ਤੋੜ ਨਹੀਂ ਸਕਦੀ
ਸੰਸਾਰ ਦੀ ਕੋਈ ਤਾਕਤ
ਸਮੁੰਦਰਾਂ ਦੇ ਪਾਣੀਆਂ ਨੂੰ ।

ਨਾ ਅਸੀਂ ਹਿੰਦੂ
ਨਾ ਮੁਸਲਮਾਨ
ਨਾ ਸਿੱਖ
ਨਾ ਹੋਰ ਕੁਝ
ਅਸੀਂ ਇਨਸਾਨ ਹਾਂ
ਨਾਨਕ ਦਾ ਕਹਿਣਾ
ਅਸੀਂ ਝੂਠ ਕਿਵੇਂ ਕਰੀਏ ?

ਸੂਰਜ ਹਾਂ ਅਸੀਂ
ਆਕਾਸ਼ ਉਤੇ ਚਮਕਦਾ
ਸੂਰਜ ਨਾਂ ਹਿੰਦੂ ਹੈ
ਨਾ ਸਿੱਖ, ਨਾ ਮੁਸਲਮਾਨ
ਰੂਸੀ ਨਾ ਚੀਨੀ
ਯੂਰਪੀ ਨਾ ਏਸ਼ੀਅਨ
ਇਨਸਾਨ, ਇਨਸਾਨ ਹੈ
ਸੂਰਜ, ਸੂਰਜ ।

ਚੰਨ ਨੂੰ ਕੀ ਆਖਾਂਗੇ ?
ਬ੍ਰਹਮਣ ਜਾਂ ਹਰੀਜਨ ?
ਬਿਰਛ ਨੂੰ ਕੀ ਆਖਾਂਗੇ ?
ਹਿੰਦੂ ਜਾਂ ਮੁਸਲਮਾਨ ?
ਲਾਅਨਤ ਓਸ ਕਲਮ ਦੇ
ਜਿਹੜੀ ਅੱਜ ਸੂਰਜ ਨਹੀਂ
ਹਿੰਦੂ ਜਾਂ ਸਿੱਖ ਜਾਂ ਮੁਸਲਮਾਨ ਬਣਦੀ ਹੈ
ਚੰਨ ਨਹੀਂ ਬਣਦੀ ?
ਸਮੁੰਦਰ ਨਹੀਂ ਬਣਦੀ ।

## ਵਿਚਾਰੇ
(ਡੋਲ ਗਏ-ਪੰਜਾਬੀ ਲੇਖਕ)

ਠੀਕ,
ਇਹ ਵਿਚਾਰੇ ਹੀ ਹਨ
ਕਾਬਲੇ ਰਹਿਮ, ਤਰਸ ਯੋਗ,
ਮੁਆਫ਼ ਕਰਨ ਜੋਗੇ
ਝੱਲ ਨਹੀਂ ਸਕੇ ਇਹ
ਤੂਫ਼ਾਨ ਦੀਆਂ ਛੱਲਾਂ
ਹਵਾਵਾਂ ਦੀਆਂ ਸ਼ੂਕਰਾਂ
ਪੈਰਾਂ ਹੇਠ ਚਟਾਨਾਂ ਤਾਂ ਕੀ
ਕੱਚੀ ਮਿੱਟੀ ਵੀ ਨਹੀਂ ਸੀ
ਰੁੜ੍ਹ ਗਏ ਵਿਚਾਰੇ
ਤੂਫ਼ਾਨ ਦੀਆਂ ਛੱਲਾਂ ਵਿਚ ॥

ਨਾ ਨਾਨਕ ਸੀ ਨਾਲ
ਨਾ ਕਬੀਰ
ਨਾ ਲੈਨਿਨ
ਨਾ ਮਾਰਕਸ
ਬੁਲ੍ਹੇ ਸ਼ਾਹ ਵੀ ਨਹੀਂ ਸੀ
ਗ਼ਰੀਬ ਸਨ ਵਿਚਾਰੇ
ਸੱਖਣੇ ਤੇ ਪੋਲੇ ।

ਪੜ੍ਹੇ ਹੋਏ ਬਹੁਤ ਸਨ
ਪਰ ਗੱਡੇ ਹੀ ਲੱਦੇ ਹੋਏ ਸਨ
ਮਾਣ ਹੀ ਮਾਣ ਪਾਇਆ ਸੀ
ਬਨਾਰਸ ਤੇ ਤਪਿਆਂ
ਤੇ ਮੱਕੇ ਦੇ ਮੌਲਾਣਿਆਂ ਵਾਂਗ
ਅੰਦਰ ਤਾਕਤ ਨਹੀਂ ਸੀ
ਆਪਣੀ ਸੋਚ
ਆਪਣੀ ਸਮਝ
ਰੁੜ੍ਹ ਗਏ ਵਿਚਾਰੇ
ਤੂਫ਼ਾਨ ਦੀਆਂ ਛੱਲਾਂ ਵਿਚ

ਕਾਗਜ਼ ਵਿਚ ਵੀ, ਕੁਝ ਨਾ ਕੁਝ
ਆਪਣਾ ਵਜ਼ਨ ਹੁੰਦਾ ਹੈ
ਕੱਖ-ਕਾਨ ਵੀ, ਕੁਝ ਨਾ ਕੁਝ
ਆਪਣੇ ਪੈਰ ਅੜਾਉਂਦੇ ਹਨ
ਤੂਫ਼ਾਨ ਵੀ ਇਹ ਵੱਡਾ ਨਹੀਂ
ਐਵੇਂ ਤੂਫ਼ਾਨੜੀ ਜਿਹੀ ਹੀ ਸੀ
ਪਰ, ਇਹ ਵਿਚਾਰੇ
ਸੱਖਣੇ ਤੇ ਪੋਲੇ ।

ਠੀਕ,
ਇਹ ਵਿਚਾਰੇ ਹੀ ਹਨ
ਕਾਬਲੇ ਰਹਿਮ, ਤਰਸ ਯੋਗ,
ਮੁਆਫ਼ ਕਰਨ ਜੋਗੇ
ਝੱਲ ਨਹੀਂ ਸਕੇ ਇਹ
ਤੂਫ਼ਾਨ ਦੀਆਂ ਛੱਲਾਂ
ਹਵਾਵਾਂ ਦੀਆਂ ਸ਼ੂਕਰਾਂ ।

o

# ਕਹਾਣੀ ਸੁਖਦਰਸ਼ਨ ਸਿੰਘ ਦੀ ਜੋ ਸਰਬਜੀਤ ਸਿੰਘ ਬਣਾਕੇ ਮੁਕਾਇਆ ਗਿਆ

ਇਹ ਇਕ ਅਸਲੀਅਤ ਤੋਂ ਸੱਖਣੀ ਅਤੇ ਗੈਰ-ਮਨੁੱਖੀ ਕਹਾਣੀ ਹੈ ਪੁਲਿਸ ਮੁਕਾਬਲੇ ਦੀ ਜੋ ਜ਼ਿਲਾ ਫਿਰੋਜ਼ਪੁਰ ਵਿਖੇ ਜਲਾਲਾਬਾਦ ਨੇੜੇ 22 ਸਤੰਬਰ 984 ਨੂੰ ਵਾਪਰੀ। 20 ਸਾਲਾਂ ਦੇ ਗੱਭਰੂ ਦੇ ਧੜਕਦੇ ਸੀਨੇ ਨੂੰ ਪੁਲਿਸ ਦੀ ਗੋਲੀ ਠੰਡਾ ਕਰ ਗਈ। ਸਰਕਾਰ ਦੀ ਸਿੱਖ-ਦਹਿਸ਼ਤ ਪਸੰਦਾ ਨੂੰ ਮਾਰ ਮੁਕਾਉਣ ਦੀ ਸਕੀਮ ਹੇਠ ਸਿੱਖ ਦਹਿਸ਼ਤ ਪਸੰਦਾਂ ਦੀ ਲੰਮੀ ਸੂਚੀ ਵਿਚੋਂ ਇੱਕ ਤੇ ਲਾਲ ਲਕੀਰ ਫੇਰ ਦਿਤੀ ਗਈ। 24 ਸਤੰਬਰ ਨੂੰ "ਸਰਬਜੀਤ ਸਿੰਘ ਪੁਲੀਸ ਮੁਕਾਬਲੇ ਵਿਚ ਹਲਾਕ" ਨਾਮੀ ਸੁਰਖੀ ਅਖਬਾਰਾਂ ਦਾ ਸ਼ਿੰਗਾਰ ਬਣੀ। ਮਾਪਿਆਂ ਦਾ ਬੁਢੇਪਾ 'ਚ ਡੰਗੋਰੀ ਬਣੇਗਾ ਦੀ ਆਸ ਨਾਲ ਪਾਲਿਆ ਪੋਸਿਆ ਜੋਵਾਨ ਪੁੱਤ ਉਹਨਾਂ ਤੋਂ ਸਦਾ ਲਈ ਖੋਹ ਲਿਆ ਗਿਆ। ਅਤੇ ਪੰਜਾਬ ਪੁਲੀਸ ਨੇ ਪਿਛਲੇ ਦੋ ਸਾਲਾਂ ਵਿਚ ਆਪਣੀ ਬਹਾਦਰੀ ਦੀ ਹਾਰੀ ਹੋਈ ਗੁਰਜ ਹੌਂਸਲੇ ਕਰਨ ਲਈ ਇੱਕ ਮਾਰਕਾ ਹੋਰ ਮਾਰ ਲਿਆ।

## ਪੁਲੀਸ ਸੂਤਰਾਂ ਅਨੁਸਾਰ ਇਹ ਕਹਾਣੀ ਇਉਂ ਹੈ :

ਪੁਲੀਸ ਸਟੇਸ਼ਨ ਸਦਰ ਫਾਜ਼ਿਲਕਾ ਵਿਚ ਐਫ ਆਈ ਆਰ ਨੰ: 295 ਮਿਤੀ 23-5-1984 ਨੂੰ ਕੁਝ ਵਿਅਕਤੀਆਂ ਖਿਲਾਫ 124 ਏ/153 ਦੇ ਅਧੀਨ ਕੇਸ ਦਰਜ ਕੀਤਾ ਗਿਆ। ਇਨ੍ਹਾਂ ਵਿਚ ਇਕ ਸੀ "ਸਰਬਜੀਤ ਸਿੰਘ ਪੁਤਰ ਸਿੰਗਾਰਾ ਸਿੰਘ ਜ਼ਿਲਾ ਅੰਮ੍ਰਿਤਸਰ ਦੇ ਭਿੱਖੀ ਵਿੰਡ ਦਾ" ਬਾਅਦ ਵਿਚ ਪੁਲਿਸ ਨੇ ਥਾਨਾ ਭਿੱਖੀ-ਵਿੰਡ ਰਾਹੀਂ ਇਸਦੀ ਪਹਿਚਾਣ "Identification" ਵੀ ਕਰਵਾ ਲਈ। ਬਾਅਦ ਵਿਚ ਡੀ.ਸੀ. ਫਿਰੋਜ਼ਪੁਰ ਵਲੋਂ ਫਰਦ ਜੁਰਮ ਵੀ ਦੇ ਦਿਤੀ ਗਈ ਤਾਂ ਕਿ ਉਹ ਐਡਵਾਇਜ਼ਰੀ ਬੋਰਡ ਅਗੇ ਪ੍ਰੇਸ਼ ਹੋ ਸਕੇ। 15 ਸਤੰਬਰ ਨੂੰ ਫਿਰੋਜ਼ਪੁਰ ਸੈਂਟਰਲ ਤੋਂ ਬਠਿੰਡਾ ਸੈਂਟਰਲ ਜੇਲ੍ਹ ਨੂੰ 20 ਨਜ਼ਰਬੰਦਾਂ ਨੂੰ ਲਿਜਾ ਰਹੀ ਇਕ ਪੁਲਿਸ ਗੱਡੀ ਵਿਚੋਂ ਬਠਿੰਡੇ ਜ਼ਿਲੇ ਦੇ ਗੋਨੇਆਣਾ ਨੇੜੇ ਨਹੀਆ ਵਾਲਾ ਪਿੰਡ ਕੋਲ ਪਿਸ਼ਾਬ ਕਰਨ ਲਈ ਉਤਰਿਆ ਸੁਰਬਜੀਤ ਫਰਾਰ ਹੋ ਗਿਆ। ਪੁਲੀਸ ਨੇ 22 ਸਤੰਬਰ ਨੂੰ ਸੁਰਬਜੀਤ ਸਿੰਘ ਨੂੰ ਫਾਜ਼ਿਲਕਾ ਨੇੜਿਉ ਫਿਰ ਗਰਿਫਤਾਰ ਕਰ ਲਿਆ ਅਤੇ ਪੁਲਿਸ ਪਾਰਟੀ ਇਸ ਨੂੰ ਪੁਛ ਗਿਛ ਕੇਂਦਰ ਫਿਰੋਜ਼ਪੁਰ ਵਿਖੇ ਲਿਜਾ ਰਹੀ ਸੀ ਕਿ ਹੱਥਕੜੀ ਸਮੇਤ ਇਸ਼ ਨੇ ਜਲਾਲਾਬਾਦ ਕੋਲ ਪੁਲਿਸ ਜੀਪ ਵਿਚੋਂ ਫਿਰ ਭਜਣ ਦੀ ਕੋਸ਼ਿਸ਼ ਕੀਤੀ ਤੇ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ।

## ਪਰ ਅਸਲ ਕਹਾਣੀ ਇਉਂ ਹੈ :

ਮਈ ਦੇ ਅੱਧ ਵਿਚ ਦਹਿਸ਼ਤ ਪਸੰਦਾਂ ਨੂੰ ਨੱਥ ਪਾਉਣ ਲਈ ਅੰਦਰੋਗਤੀ ਇਕ ਵੱਡੇ ਹਮਲੇ ਦੀ ਤਿਆਰੀ ਵਿੱਢ ਰਹੀ ਸੀ ਅਤੇ ਅਰਧ-ਸੈਨਿਕ ਟੁਕੜੀਆਂ ਸਿੱਖ ਲਿਬਾਸ ਵਿਚ ਵਿਅਕਤੀਆਂ ਨੂੰ ਫੜਨ ਦੀ ਗਿਣਤੀ ਵਧਾਉਣ ਵਿਚ ਲਗੀਆਂ ਹੋਈਆਂ ਸਨ। ਉਨ੍ਹਾਂ ਦਿਨਾਂ ਵਿਚ ਹੀ ਮਈ ਦੀ 23 ਤਰੀਕ ਨੂੰ ਫਾਜ਼ਿਲਕਾ ਨੇੜਿਉਂ ਪਿੰਡ ਬਾਧੇ ਤੋਂ ਕਿਸੇ ਕੰਮੋਂ ਵਾਪਿਸ ਆ ਰਹੇ ਸੁਖਦਰਸ਼ਨ ਸਿੰਘ ਸਪੁੱਤਰ ਸ੍ਰੀ ਸੁੰਦਰ ਸਿੰਘ ਵਾਸੀ ਮੁਕਤਸਰ (ਜੱਦੀ ਪਿੰਡ ਮਾਹੂ ਆਣਾ ਬੰਦੋਲਾ) ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸਨੂੰ ਸਰਬਜੀਤ ਸਿੰਘ ਪੁਤਰ ਸ਼ਿੰਗਾਰਾ ਸਿੰਘ ਵਾਸੀ ਭਿੱਖੀ ਵਿੰਡ ਜ਼ਿਲਾ ਅੰਮ੍ਰਿਤਸਰ ਦਾ ਬਣਾ ਕੇ 142 ਏ/153 ਏ ਤਹਿਤ ਕੌਮੀ ਸੁਰਖਿਆ ਐਕਟ ਅਧੀਨ ਨਜ਼ਰਬੰਦ ਕਰ ਦਿਤਾ।

## ਪੁਲਿਸ ਨੂੰ ਮੁਕਾਬਲੇ ਦੀ ਕਹਾਣੀ ਦੀ ਲੋੜ ਕਿਉਂ ਪਈ।

ਪੁਲਿਸ ਵਲੋਂ ਦਸਿਆ ਥਾਨਾ ਭਿੱਖੀ ਵਿੰਡ ਦਾ ਸਰਬਜੀਤ ਸਿੰਘ ਪੁੱਤਰ ਸ੍ਰੀ ਸਿੰਗਾਰਾ ਸਿੰਘ ਅਸਲ ਵਿਚ ਸੁਖਦਰਸ਼ਨ ਸਿੰਘ ਪੁਤਰ ਸੁੰਦਰ ਸਿੰਘ ਵਾਸੀ ਦਸ਼ਮੇਸ਼ ਨਗਰ ਮੁਕਤਸਰ ਸੀ। ਦੋ ਤਿੰਨ ਮਹੀਨੇ ਬਾਅਦ ਪੁਲਿਸ ਨੂੰ ਇਸ ਗੱਲ ਦਾ ਫ਼ਿਕਰ ਲੱਗ ਕਿ ਉਨ੍ਹਾਂ ਦੁਆਰਾ ਫੜਿਆ ਹੋਇਆ ਆਦਮੀ ਗਲਤ ਹੈ ਅਤੇ ਕਿਤੇ ਅਦਾਲਤ ਵਿਚ ਅਸਲੀਅਤ ਖੁਲ੍ਹਣ ਤੇ ਜ਼ਿਲਾ ਅਧਿਕਾਰੀ ਫਸ ਨਾ ਜਾਣ।

ਬਲਿਊ ਸਟਾਰ' ਦੇ ਨਾਂ ਹੇਠ 'ਸਿੱਖ ਦਹਿਸ਼ਤ-ਪਸੰਦਾਂ ਨਾਲ ਇਕ ਜਾਨ ਹੂਲਵੀਂ ਟੱਕਰ ਵਿਚੋਂ ਜੇਤੂ ਹੋ ਕੇ ਨਿਕਲੀ ਸੁਰਖਿਆ ਫੌਜ ਦੀ ਕਾਰਵਾਈ ਨਾਲ ਪੰਜਾਬ ਪੁਲਿਸ ਫੇਰ ਸ਼ੇਰ ਬਣ ਗਈ। ਉਚ ਅਧਿਕਾਰੀਆਂ ਦੇ ਨੋਟਿਸ ਵਿਚ ਨਾਂ ਆ ਜਾਵੇ ਜਾਂ ਕਿਤੇ ਅਖਬਾਰਾਂ ਦੇ ਚਰਚੇ ਦਾ ਵਿਸ਼ਾ ਨਾ ਬਣ ਜਾਵੇ। ਉਨ੍ਹਾਂ ਸੁਖਦਰਸ਼ਨ ਸਿੰਘ ਦਾ ਖੁਰਾ ਖੋਜ ਹੀ ਮਿਟਾ ਦੇਣ ਦੀ ਠਾਨ ਲਈ। ਪੁਲਿਸ ਦੀ ਇਹ ਗਲਤੀ 20 ਸਾਲਾ ਗਭਰੂ ਦੀ ਜਵਾਨੀ ਦੇ ਬਰਾਬਰ ਤੁੱਲ ਗਈ।

## ਸਰਬਜੀਤ/ਸੁਖਦਰਸ਼ਨ ਦਾ ਫਰਾਰ ਹੋਣਾ—ਪੁਲਿਸ ਦੀ ਗਿਣੀ ਮਿਥੀ ਸਾਜ਼ਿਸ

ਖੁਰਾ-ਖੋਜ ਮਿਟਾਉਣ ਲਈ ਪੁਲਿਸ ਅਧਿਕਾਰੀਆਂ ਨੇ ਇਕ ਠੋਸ ਵਿਆਉਂਤ ਬਣਾਈ। ਬਠਿੰਡਾ ਜੇਲ੍ਹ ਲਿਜਾਂਦੇ ਸਮੇਂ ਪੁਲਿਸ ਗੱਡੀ ਵਿਚੋਂ ਪਿਸ਼ਾਬ ਕਰਨ ਉਤਰੇ ਸੁਖਦਰਸ਼ਨ ਨੂੰ ਇਕ ਸਾਜ਼ਿਸ਼ ਅਧੀਨ ਇਕ ਸਿਪਾਹੀ ਨੇ ਹੱਲਾਸ਼ੇਰੀ ਦਿਤੀ ਕਿ ਉਹ ਦੌੜ ਜਾਵੇ। ਸੁਖਦਰਸ਼ਨ ਨਰਮੇ ਦੇ ਖੇਤਾਂ ਵਿਚ ਵੜ ਗਿਆ ਅਤੇ ਪੁਲਿਸ ਦੀ ਗੋਲੀ ਉਸ ਨੂੰ ਨਰਮੇ ਦੇ ਖੇਤਾਂ ਵਿਚੋਂ ਲੱਭਣ ਤੋਂ ਅਸਮਰਥ ਰਹੀ। ਖੇਤਾਂ ਨੂੰ ਚਾਰ ਪੰਜ ਘੰਟੇ ਪੁਲਿਸ ਨੇ ਘੇਰਾ ਪਾਈ

ਰਖਿਆ। ਸੁਖਦਰਸ਼ਨ ਡਰਦਾ ਖੇਤੋ ਖੇਤੀ ਰਾਜਸਥਾਨ ਆਪਣੇ ਕਿਸੇ ਰਿਸ਼ਤੇਦਾਰ ਕੋਲ ਪਹੁੰਚ ਗਿਆ।

## ਵਿਉਂਤ ਅਸਫਲ—ਪੁਲਿਸ ਭੂਤਰ ਗਈ

ਪੁਲੀਸ ਦੀ ਲੋਕਾਂ ਵਿਚ ਗਿਰੀ ਸ਼ਾਖ ਨੂੰ ਬਚਾਉਣ ਲਈ 18 ਸਤੰਬਰ ਦੇ ਅਖ਼ਬਾਰਾਂ ਵਿਚ 'ਸਰਬਜੀਤ ਫਰਾਰ' ਦੇ ਥਾਨੇਦਾਰ ਮੁਅਤਲ ਅਤੇ ਗ੍ਰਿਫ਼ਤਾਰੀ ਦੀ ਕਾਰਵਾਈ ਹੋ ਗਈ ਅਤੇ ਦੂਜੇ ਪਾਸੇ ਪੁਲਿਸ ਦੀ ਨਾਕਾਮੀ ਦਾ ਕਹਿਰ ਸੁਖਦਰਸ਼ਨ ਦੇ ਭਰਾਵਾਂ ਤੇ ਜਾ ਟੁੱਟਾ। ਛਾਪੇ ਮਾਰ ਕੇ ਥਾਨਾ ਭਿੱਖੀ ਵਿੰਡ ਦੇ ਸਰਬਜੀਤ' ਦੇ ਭਰਾਵਾਂ ਨੂੰ ਜੋ ਮੁਕਤਸਰ-ਨਿਵਾਸੀ ਹਨ ਆ ਦਬੋਚਿਆ। ਫੜੇ ਦੋਹਾਂ ਭਰਾਵਾਂ ਤੇ ਹੋਰ ਰਿਸ਼ਤੇਦਾਰਾਂ 'ਚੋਂ ਕਮਜ਼ੋਰ ਕੜੀ ਤੇ ਪੁਲਿਸ ਦੀ ਵੱਧ 'ਮੇਹਰਬਾਨੀ' ਹੋ ਗਈ। ਇਕ ਭਰਾ ਨੂੰ ਇਸ ਮੋਹਲਤ ਤੇ ਛੱਡ ਦਿਤਾ ਗਿਆ ਕਿ ਉਹ ਸੁਖਦਰਸ਼ਨ ਨੂੰ ਲੱਭ ਕੇ ਲਿਆਵੇ। ਰਿਸ਼ਤੇਦਾਰੀਆਂ ਵਿਚੋਂ ਲੱਭ ਕੇ ਜਦ ਉਹ ਸੁਖਦਰਸ਼ਨ ਨੂੰ ਨਾਲ ਲਿਆ ਰਿਹਾ ਸੀ ਤਾਂ ਬੱਸ ਸਟੈਂਡ ਅਬੋਹਰ ਤੋਂ ਬੱਸ ਵਿਚੋਂ ਥਾਨਾ ਅਬੋਹਰ ਦੀ ਪੁਲਿਸ ਨੇ ਦੋਹਾਂ ਭਰਾਵਾਂ ਨੂੰ ਆ ਫੜਿਆ। ਇਕ ਨੂੰ ਥਾਨੇ ਛੱਡ ਕੇ ਸੁਖਦਰਸ਼ਨ ਨੂੰ ਫਾਜ਼ਿਲਕਾ ਲਿਜਾਇਆ ਗਿਆ। ਜਿਥੇ ਪੁਲਿਸ ਅਧਿਕਾਰੀਆਂ ਦੀ ਸਹਿਮਤੀ ਨਾਲ ਥਾਨਾ ਸਦਰ ਫਾਜ਼ਿਲਕਾ ਦੀ ਪੁਲਿਸ ਲਗਾਤਾਰ ਦੋ ਦਿਨ ਸੁਖਦਰਸ਼ਨ ਨੂੰ ਮਾਰ ਮੁਕਾਉਣ ਲਈ ਥਾਨੇ ਤੋਂ ਬਾਹਰ ਕਿਸੇ ਅਨਪਛਾਤੀ ਥਾਂ ਲੈ ਜਾਂਦੀ ਰਹੀ ਪਰ ਨਾਲ ਜਾਂਦੇ ਪੁਲਿਸ ਸਿਪਾਹੀਆਂ ਨੇ ਇਹ ਕੋਝਾ ਕਾਰਾ ਕਰਨ ਤੋਂ ਇਨਕਾਰ ਕਰ ਦਿਤਾ। ਫਿਰ ਗ੍ਰਿਫ਼ਤਾਰੀ ਦਾ ਡਰਾਮਾ ਫਾਜ਼ਿਲਕਾ ਕੋਲ ਰਚਿਆ ਗਿਆ ਅਤੇ 22 ਸਤੰਬਰ ਨੂੰ ਉਸ ਨੂੰ ਐਸ.ਡੀ.ਐਮ. ਫਾਜ਼ਿਲਕਾ ਦੀ ਅਦਾਲਤ ਵਿਚ ਰੀਮਾਂਡ ਲੈਣ ਲਈ ਪੇਸ਼ ਕੀਤਾ। ਸੁਖਦਰਸ਼ਨ ਨੇ ਐਸ.ਡੀ.ਐਮ. ਅਗੇ ਬਥੇਰੇ ਤਰਲੇ ਪਾਏ ਕਿ "ਇਨ੍ਹਾਂ ਮੈਨੂੰ ਦੋ ਦਿਨ ਤੋਂ ਲਗਾਤਰ ਮਾਰਨ ਦੀ ਕੋਸ਼ਿਸ਼ ਕੀਤੀ ਹੈ ਹੁਣ ਰੀਮਾਂਡ ਨਾ ਦੇਵੋ ਕਿਉਂਕਿ ਇਨ੍ਹਾਂ ਮੈਨੂੰ ਮਾਰ ਦੇਣਾ ਹੈ" ਸੱਤ ਕੁਰਲਾਉਂਦਾ ਅਤੇ ਤਰਲੇ ਪਾਉਂਦਾ ਰਿਹਾ ਪਰ ਜਿੱਤ ਇਥੇ ਵੀ ਬਦੀ ਦੀ ਹੋਈ। ਹੋਰ ਗੰਭੀਰ ਅਤੇ ਵੱਡੀਆਂ ਸਾਜ਼ਿਸ਼ਾਂ ਦਾ ਖੁਰਾ ਲੱਭਣ ਦੀ ਪੁਲੀਸ ਕਹਾਣੀ ਨੇ ਐਸ.ਡੀ.ਐਮ. ਨੂੰ ਰਿਮਾਂਡ ਦੇਣ ਲਈ 'ਮਜਬੂਰ' ਕਰ ਦਿਤਾ।

ਤੇ ਫਿਰ ਉਹੋ ਕੁਝ ਹੋਇਆ ਜਿਸਦੀ ਸੁਖਦਰਸ਼ਨ ਅਤੇ ਉਸ ਦੇ ਘਰਦਿਆਂ ਨੂੰ ਆਸ ਸੀ। ਗੋਲੀ ਜਿਸਦਾ ਇੰਤਜ਼ਾਰ ਕਰ ਰਹੀ ਸੀ। ਆਪਣੀ ਨਲਾਇਕੀ ਛੁਪਾਉਣ ਲਈ ਪੁਲੀਸ ਨੇ ਸੱਚ ਤੇ ਗੋਲੀ ਦਾਗ ਦਿਤੀ ਅਤੇ 24 ਸਤੰਬਰ ਦੇ ਅਖ਼ਬਾਰਾਂ ਵਿਚ ਜ਼ਿਲਾ ਪੁਲਿਸ ਅਧਿਕਾਰੀ ਫ਼ਿਰੋਜ਼ਪੁਰ ਵਲੋਂ ਇਕ ਹੋਰ ਦਹਿਸ਼ਤਪਸੰਦ ਪੁਲਿਸ ਹੱਥੋਂ ਹਲਾਕ' ਦੀ ਖ਼ਬਰ ਆ ਗਈ। ਸਮੇਤ ਹੱਥ-ਕੜੀਆਂ ਪੁਲੀਸ ਜੀਪ ਵਿਚੋਂ ਇਕ ਨੌਜਵਾਨ ਭੱਜਣ ਦੀ ਕੋਸ਼ਿਸ਼ ਵਿਚ ਪੁਲੀਸ ਦੀਆਂ ਗੋਲੀਆਂ ਨਾਲ ਮਾਰਿਆ ਗਿਆ। ਹੱਥਕੜੀਆਂ ਵਿਚ ਜਕੜੇ ਨੂੰ ਪੁਲੀਸ ਜ਼ਿੰਦਾ ਕਿਉਂ ਨਾ ਫੜ ਸਕੀ? ਵਾਹ! ਕਿਆ ਮੁਕਾਬਲਾ ਹੈ! ਕਿਸੇ ਮੁਲਕ ਦੇ ਭਵਿੱਖ ਤੇ ਗੋਲੀਆਂ ਦਾਗਣ ਦਾ ਕਿੱਡਾ ਬਹਾਦਰਾਨਾ ਮੁਕਾਬਲਾ ਹੈ! ਦਹਿਸ਼ਤਪਸੰਦਾਂ ਨੂੰ ਖਤਮ ਕਰਕੇ ਅਮਨ ਬਹਾਲੀ ਲਈ ਕਿੱਡਾ ਗੰਭੀਰ ਕਦਮ ਹੈ? ਕੀ ਨਿਰਦੋਸ਼ ਨੌਜਵਾਨਾਂ ਦੇ ਖ਼ੂਨ ਨਾਲ ਹੱਥ ਰੰਗਣੇ ਹੀ ਫ਼ਿਰਕੂ ਏਕਤਾ ਬਣਾਈ ਰੱਖਣ ਦੇ ਚਿੰਨ੍ਹ ਹਨ? ਕਿਥੇ ਹਨ ਉਹ ਸਪੈਸ਼ਲ ਅਦਾਲਤਾਂ ਜੋ ਦਹਿਸ਼ਤਪਸੰਦਾਂ ਦੇ ਕੇਸ ਨਜਿੱਠਣ ਲਈ ਬਣਾਈਆਂ ਗਈਆਂ ਸਨ? ਕੀ ਉਹ ਪੁਲਿਸ ਵਰਦੀ ਵਿਚ ਦਨਦਨਾਉਂਦੇ ਫਿਰਦੇ ਦਹਿਸ਼ਤਪਸੰਦਾਂ ਤੇ ਵੀ ਮੁਕੱਦਮੇ ਚਲਾਉਣਗੀਆਂ? ਇਹ ਕੁਝ ਪ੍ਰਸ਼ਨ ਹਨ—ਜਿਨ੍ਹਾਂ ਦਾ ਜਵਾਬ ਪੰਜਾਬ ਦੇ ਲੋਕ ਜਾਨਣਾ ਚਾਹੁੰਦੇ ਹਨ।

(ਸੁਖਦਰਸ਼ਨ ਸਿੰਘ ਦੇ ਪਿਤਾ ਦੀ ਜ਼ਬਾਨੀ)

## ਇਕ ਚਿੱਠੀ ਇੰਗਲੈਂਡ ਤੋਂ ਤੇ ਉਹਦਾ ਜਵਾਬ

ਭਾਜੀ ਗੁਰਸ਼ਰਨ ਸਿੰਘ, ਸਤਿ ਸ੍ਰੀ ਅਕਾਲ।

ਅਸੀਂ ਇਥੇ ਬਹੁਤ ਦੁਖੀ ਦਿਲ ਨਾਲ ਕਹਿ ਰਹੇ ਹਾਂ ਜਿਵੇਂ ਕਿ ਅਜ ਹਰ ਇਕ ਗੁਰੂ ਗੋਬਿੰਦ ਸਿੰਘ ਨੂੰ ਮੰਨਣ ਵਾਲੇ ਇਨਸਾਨ ਦੀ ਹਾਲਤ ਹੈ। ਉਮੀਦ ਹੈ ਆਪ ਨੂੰ ਤਾਂ ਬਾਕੀ ਅਖੌਤੀ ਕਾਮਰੇਡਾਂ ਵਾਂਗੂ ਖੁਮਾਰੀ ਚੜ੍ਹੀ ਹੋਵੇਗੀ ਕਿਉਂਕਿ ਤੁਹਾਨੂੰ ਸਾਰਿਆਂ ਨੂੰ ਹੀ ਭਿੰਡਰਾਂ-ਵਾਲੇ ਦੀ ਹੋਂਦ ਬਹੁਤ ਰੜਕਦੀ ਸੀ। ਜਦ ਆਪ ਇੰਗਲੈਂਡ ਆਏ ਸੀ ਤਾਂ ਆਪ ਦੇ ਡਰਾਮੇ ਦੇਖ ਕੇ ਲਗਦਾ ਸੀ ਕਿ ਆਪ ਕਾਫੀ ਸੁਲਝੇ ਹੋਏ ਅਤੇ ਲੋਕ ਹਿਤੂ ਹੋ ਅਤੇ ਆਪ ਕੇਸਾਧਾਰੀ ਹੋਣ ਕਰਕੇ ਪੰਜਾਬ ਅਤੇ ਹਿੰਦੋਸਤਾਨ ਦੇ ਲੋਕਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਫਿਲਾਸਫੀ ਸਮਝਾ ਕੇ ਅਗਾਂਹ ਤੋਰੋਗੇ।

ਆਪ ਭਲੀ ਭਾਂਤ ਜਾਣਦੇ ਹੋ ਕਿ ਹਿੰਦੋਸਤਾਨ ਵਿਚ ਇਨਕਲਾਬ ਲਿਆਉਣ ਲਈ ਗੁਰੂ ਗੋਬਿੰਦ ਸਿੰਘ ਦੀ ਫਿਲਾਸਫੀ ਕੰਮ ਆਵੇਗੀ, ਨਾ ਕਿ ਮਾਰਕਸਵਾਦ। ਪਰ ਬਿੱਲੀ ਥੈਲਿਉਂ ਬਾਹਰ ਆ ਗਈ ਜਦ ਆਪ ਵੀ ਬਾਕੀ ਕਾਮਰੇਡਾਂ ਵਾਂਗ ਭਿੰਡਰਾਂਵਾਲੇ ਨੂੰ ਨਿੰਦਣ ਅਤੇ ਇੰਦਰਾ ਦੀ ਬੋਲੀ ਬੋਲਣ ਲੱਗ ਪਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਿੰਡਰਾਂਵਾਲਾ ਸ਼ੁਰੂ ਵਿਚ ਕਾਂਗਰਸ ਦੀ ਹੀ ਪੈਦਾਵਾਰ ਸੀ। ਪਰ ਜਦ ਉਸ ਨੂੰ ਇੰਦਰਾ ਤੇ ਜ਼ੈਲੂ ਦੀਆਂ ਕਮੀਨੀਆਂ ਹਰਕਤਾਂ ਦਾ ਪਤਾ ਲਗਾ ਤਾਂ ਸਭ ਤੋਂ ਪਹਿਲਾਂ ਇੰਦਰਾ ਗਾਂਧੀ, ਜ਼ੈਲੂ, ਦਰਬਾਰਾ ਅਤੇ

ਭਜਨ ਲਾਲ ਅਤੇ ਇਨ੍ਹਾਂ ਦੇ ਚਮਚੇ ਹਿਟ ਲਿਸਟ ਤੇ ਸਨ। ਇਸ ਦਾ ਪ੍ਰਮਾਣ ਸੰਤੋਖ ਸਿੰਘ ਗਦਾਰ ਹੈ। ਪਰ ਮਾੜੀ ਕਿਸਮਤ ਹਿੰਦੋਸਤਾਨ ਦੀ ਕਿ ਤਕੜੀ ਸਕਿਉਰਿਟੀ ਅਤੇ ਕਾਮਰੇਡਾਂ ਦੀ ਮਿਲਵਰਤਣ ਕਰਕੇ ਵੱਡੇ ਗਦਾਰ ਇੰਦਰਾ, ਜ਼ੈਲੂ, ਦਰਬਾਰਾ ਤੇ ਭਜਨ ਬਚ ਗਏ।

ਪਰ ਜੇ ਤੁਸੀਂ ਆਪਣੀ ਦੁਨਿਆਵੀ ਈਰਖਾ ਛੱਡ ਕੇ ਭਿੰਡਰਾਂਵਾਲੇ ਨਾਲ ਆ ਖੜਦੇ ਤਾਂ ਇਨ੍ਹਾਂ ਗਦਾਰਾਂ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਸੀ ਬਚਾ ਸਕਦੀ। ਤਾਂ ਇਸ ਨਾਲ ਇਕੱਲੇ ਪੰਜਾਬ ਦਾ ਹੀ ਨਹੀਂ ਹਿੰਦੋਸਤਾਨ ਦਾ ਵੀ ਭਲਾ ਹੋ ਸਕਦਾ ਸੀ। ਪਰ ਭਾਜੀ ਚੇਤੇ ਰੱਖੋ ਸਚਾਈ ਛੁਪ ਨਹੀਂ ਸਕਦੀ ਜਦੋਂ ਵੀ ਇਸ ਮੋਰਚੇ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਆਪ ਦਾ ਨੰਮ ਵੀ ਅਖੌਤੀ ਕਾਮਰੇਡਾਂ ਨਾਲ, ਜ਼ੈਲੂ, ਇੰਦਰਾ ਨਾਲ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ ਅਤੇ ਲੋਕ ਭਿੰਡਰਾਂਵਾਲੇ ਤੋਂ ਸੇਧ ਲੈ ਕੇ ਅਗਾਂਹ ਵਧਦੇ ਜਾਣਗੇ।

ਆਪ ਨੂੰ ਭਲੀ ਭਾਂਤ ਪਤਾ ਹੈ ਕਿ ਅਟਵਾਲ, ਤਿਵਾੜੀ, ਸ਼ਮੀ ਤੇ ਹੋਰ ਨਿਹੱਥੇ ਲੋਕ ਭਿੰਡਰਾਂਵਾਲੇ ਨੇ ਨਹੀਂ ਸਗੋਂ ਕਾਂਗਰਸ ਨੇ ਖੁਦ ਮਰਵਾਏ ਹਨ। ਪਰ ਜੇ ਤੁਸੀਂ ਸੱਚ ਕਹਿਣ ਦੀ ਜੁਰਅਤ ਕੀਤੀ ਹੁੰਦੀ ਤਾਂ ਇੰਦਰਾ ਦਾ ਹੌਂਸਲਾ ਨਹੀਂ ਸੀ ਪੈਣਾ ਕਿ ਸੱਚੇ-ਸੁੱਚੇ ਸਿੱਖਾਂ ਤੇ ਏਨਾ ਜ਼ੁਲਮ ਕਰਦੀ। ਇਹ ਆਪ ਦੀਆਂ ਮਿਹਰਬਾਨੀਆਂ ਹਨ। ਅਗਾਂਹ ਵਾਸਤੇ ਪ੍ਰਮਾਤਮਾ ਆਪਨੂੰ ਸੁਮਤ ਬਖਸ਼ੇ।

ਪਰ ਇਕ ਸੁਲਝੇ ਹੋਏ ਕਾਮਰੇਡ ਹੁੰਦੇ ਹੋਏ ਵੀ ਆਪਣੀ ਅਕਲ ਦਾ ਜਨਾਜ਼ਾ ਕੱਢ ਬੈਠੇ ਜਦੋਂ ਆਪ ਨੇ ਸਾਰਾ ਦੋਸ਼ ਭਿੰਡਰਾਂਵਾਲੇ ਸਿਰ ਮੜ੍ਹ ਦਿਤਾ।

ਦੁਨੀਆਂ ਜਾਣਦੀ ਹੈ ਕਿ ਭਿੰਡਰਾਂਵਾਲਾ ਨਾ ਖਾਲਿਸਤਾਨ ਚਾਹੁੰਦਾ ਸੀ ਨਾ ਵਖਵਾਦ ਚਾਹੁੰਦਾ ਸੀ। ਉਹ ਤਾਂ ਇਕ ਗੁਰੂ ਗੋਬਿੰਦ ਸਿੰਘ ਦੇ ਦਸੇ ਹੋਏ ਰਾਹ ਤੇ ਚਲ ਕੇ ਦੁਨੀਆਂ ਨੂੰ ਹੀ ਖਾਲਿਸਤਾਨ ਵਿਚ ਬਦਲਨਾ ਚਾਹੁੰਦਾ ਸੀ। ਤੁਹਾਡੀ ਵਾਕਫੀਅਤ ਵਾਸਤੇ ਖਾਲਿਸਤਾਨ ਦਾ ਮਤਲਬ ਪੰਜਾਬੀ ਸੂਬੇ ਵਾਂਗ ਨਹੀਂ ਉਹ ਤਾਂ ਸਾਰੀ ਦੁਨੀਆਂ ਵਿਚ ਹੀ ਸੱਚੇ ਸੁਚੇ ਬੰਦਿਆਂ ਦਾ ਸੱਚੀ ਮਨੁੱਖਤਾ ਵਾਸਤੇ ਰਾਜ ਹੋਵੇਗਾ। ਜਿਵੇਂ ਗੁਰੂ ਗੋਬਿੰਦ ਸਿੰਘ ਕਹਿ ਗਏ, "ਖੁਆਰ ਹੋਏ ਸਭ ਮਿਲੇਂਗੇ ਬਚੇ ਸਰਨ ਜੋ ਹੋਏ" ਪਰ ਇਹ ਉਦੋਂ ਹੀ ਹੋਵੇਗਾ ਜਦੋਂ ਆਪ ਵਰਗੇ ਅਖੌਤੀ ਕਾਮਰੇਡ ਟੋਹੜਾ, ਲੌਂਗੋਵਾਲ ਵਰਗੇ ਡਰਪੋਕ ਗਦਾਰ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪੌਣੋਂ ਹਟ ਜਾਣਗੇ ਅਤੇ ਸਾਰੇ ਹੀ ਗੁਰੂ ਗੋਬਿੰਦ ਸਿੰਘ ਨੂੰ ਪਿਤਾ ਮੰਨ ਕੇ ਭਿੰਡਰਾਂ-ਵਾਲੇ ਵਾਂਗੂੰ ਕਹਿਣੀ ਤੇ ਕਰਨੀ ਤੇ ਪੂਰੇ ਉਤਰਨਗੇ।

ਦੁਨੀਆਂ ਦੇ ਕਾਮੇਂ, ਜਿੰਦਾਬਾਦ।

ਆਪ ਦਾ ਭੁਲੇਖੇ ਵਿਚ ਰਿਹਾ ਹੋਇਆ ਵੀਰ
ਅਜੈਬ ਸਿੰਘ ਸਿੱਧੂ

ਨੋਟ: ਭਾਜੀ ਸੱਚ ਕੌੜਾ ਹੁੰਦਾ ਹੈ। ਪਰ ਫਿਰ ਵੀ ਸਮਤਾ ਵਿਚ ਛਾਪ ਦਿਓ ਤਾਂ ਧੰਨਵਾਦੀ ਹੋਵਾਂਗਾ। ○

ਸਰਦਾਰ ਅਜੈਬ ਸਿੰਘ ਜੀ,

ਅਦਾਰਾ ਸਮਤਾ ਕੌੜੇ ਸੱਚ ਨੂੰ ਹਮੇਸ਼ਾ ਸਿਰ ਮੱਥੇ ਤੇ ਕਬੂਲ ਕਰਦਾ ਹੈ। ਇਸ ਲਈ ਆਪ ਦੇ ਜਜ਼ਬੇ ਸਮਤਾ ਦੇ ਸਾਰੇ ਪਾਠਕਾਂ ਤੱਕ ਪੁਚਾਏ ਜਾ ਰਹੇ ਹਨ। ਇਸੇ ਵਿਸ਼ੇ ਤੇ ਰਬਿੰਦਰ ਬਾਠ ਅਤੇ ਗੁਰਸ਼ਰਨ ਸੇਖੋਂ ਦੇ ਵਿਚਾਰ ਵੀ ਪਾਠਕਾਂ ਤੱਕ ਪੁਚਾਏ ਗਏ ਸਨ। ਪਹਿਲੀ ਗੱਲ ਤਾਂ ਇਹ ਸਮਝ ਲੈਣੀ ਚਾਹੀਦੀ ਹੈ ਕਿ ਸਾਨੂੰ ਸੰਤ ਭਿੰਡਰਾਂਵਾਲਾ ਦੀ ਹੋਂਦ ਕਦੀ ਵੀ ਨਹੀਂ ਰੜਕਦੀ ਸੀ ਭਾਵੇਂ ਅਸੀਂ ਉਹਨਾਂ ਦੀ ਸਿਆਸਤ ਅਤੇ ਜਿਸ ਢੰਗ ਨਾਲ ਉਹ ਸਿਆਸਤ ਪਰਚਾਰੀ ਜਾਂਦੀ ਸੀ, ਉਹਦੇ ਸਖਤ ਵਿਰੋਧੀ ਸਾਂ। ਇਹ ਰੜਕਾਂ ਵਾਲੀ, ਹਿਟ ਲਿਸਟਾਂ ਵਾਲੀ ਗੱਡੀ ਚੜ੍ਹਾਉਣ ਵਾਲੀ ਸ਼ਬਦਾਵਲੀ ਸੰਤ ਭਿੰਡਰਾਂਵਾਲਾ ਜੀ ਹੀ ਸਿਆਸਤ ਵਿਚ ਲਿਆਏ ਸਨ। ਉਹਨਾਂ ਦੀਆਂ ਟੇਪਾਂ ਇਹਦਾ ਜੀਂਦਾ ਜਾਗਦਾ ਸਬੂਤ ਹਨ। ਵੱਡਾ ਦੁਖਾਂਤ ਸਾਡ ਬਹੁਤ ਸਾਰੇ ਲੋਕਾਂ ਦਾ ਇਹ ਹੈ ਕਿ ਸੰਤ ਭਿੰਡਰਾਂ-ਵਾਲਾ ਜੀ ਦੀ ਸਿਆਸਤ ਦੀ ਵਿਰੋਧਤਾ ਨੂੰ ਹਮੇਸ਼ਾ ਇੰਦਰਾ ਗਾਂਧੀ ਜਾਂ ਸਰਕਾਰ ਦੀ ਬੋਲੀ ਆਖ ਕੇ ਭੰਡਿਆ ਗਿਆ ਹੈ। ਇੰਦਰਾ ਗਾਂਧੀ ਦੀ ਸਾਰੀ ਸਿਆਸਤ ਨਾਲ ਸਾਡੀ ਬੁਨਿਆਦੀ ਵਿਰੋਧਤਾ ਹੈ। ਸਮਤਾ ਦੀਆਂ ਲਿਖਤਾਂ ਇਹਦਾ ਪ੍ਰਮਾਣ ਹਨ। ਹਰ ਇਕ ਗੱਲ ਪਿਛੇ ਦਲੀਲ ਹੁੰਦੀ ਹੈ। ਸਮਤਾ ਦੇ ਕਾਲਮ ਤੁਹਾਡੇ ਲਈ ਹਾਜ਼ਰ ਹਨ ਜੇ ਤੁਸੀਂ ਇਸ ਗੱਲ ਤੇ ਚਾਨਣਾ ਪਾ ਸਕੋ ਕਿ ਭਿੰਡਰਾਂਵਾਲਾ ਜੀ ਦੀ ਸਿਆਸਤ ਅਸਲ ਵਿਚ ਲੋਕਾਂ ਵਾਸਤੇ ਕੀ ਸੀ? ਹਿੰਦੋਸਤਾਨ ਦੇ ਕਰੋੜਾਂ ਲੋਕਾਂ ਦੀ ਨਿਜਾਤ ਲਈ ਉਹਨਾਂ ਕੋਲ ਕੀ ਪਲਾਨ ਸੀ? ਸ੍ਰੀ ਅਕਾਲ ਤਖਤ ਨੂੰ ਹੈਡਕਵਾਟਰ ਬਣਾ ਕੇ ਆਪਣੇ ਆਲੇ ਦੁਆਲੇ ਕੁਝ ਹਥਿਆਰਬੰਦ ਨੌਜਵਾਨ ਇਕੱਠ ਕਰਕੇ ਉਹ ਅਸਲ ਵਿਚ ਕਰਨਾ ਕੀ ਚਾਹੁੰਦੇ ਹਨ? ਇਹ ਕਹਿਣ ਨਾਲ ਤਾਂ ਗੱਲ ਨਹੀਂ ਬਣਦੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਪੂਰਾ ਕਰਨਾ ਚਾਹੁੰਦੇ ਸਨ। ਹਿੰਦੋਸਤਾਨ ਸਟੇਟ ਦੇ ਵਿਸ਼ੇਸ਼ ਲੱਛਣ ਹਨ। ਸਟੇਟ ਪਾਵਰ ਨਾਂ ਦੀ ਇਕ ਚੀਜ਼ ਹੈ ਜਿਸਨੂੰ ਇੰਦਰਾ ਗਾਂਧੀ ਹਰ ਨਜਾਇਜ਼ ਤਰੀਕੇ ਨਾਲ ਵਰਤਦੀ ਹੈ, ਇਸਦਾ ਮੁਕਾਬਲਾ ਠੋਸ ਹਾਲਤਾਂ ਵਿਚ ਠੋਸ ਸਾਧਨਾਂ ਨਾਲ ਕੀਤਾ ਜਾ ਸਕਦਾ ਹੈ। ਭਿੰਡਰਾਂਵਾਲਾ ਜੀ ਕੋਲ ਸਿਰਫ ਇਕ ਜਜ਼ਬਾ ਸੀ, ਸਿਆਸੀ ਦੂਰਅੰਦੇਸ਼ੀ ਨਹੀਂ ਸੀ। ਸਿੱਖਾਂ ਵਿਚੋਂ ਅਸੀਂ ਕੁਝ ਲੋਕ ਸਾਂ ਜਿਨ੍ਹਾਂ ਨੇ ਪੂਰੇ ਤਿੰਨ ਸਾਲ ਦੁਹਾਈ ਪਾਈ ਕਿ ਸੰਤ ਭਿੰਡਰਾਂਵਾਲਾ ਜੀ ਦੀ ਸਿਆਸਤ ਵਿਚ ਆਮਦ ਸਮੁੱਚੇ ਪੰਜਾਬ ਲਈ ਅਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਨੁਕਸਾਨਦੇਹ ਹੈ। ਉਹ ਨੁਕਸਾਨ ਹੁਣ ਜਦੋਂ ਵਾਸਤਵ ਵਿਚ ਹੋ ਗਿਆ ਹੈ ਤਾਂ ਇਹ ਅਜਬ Logic ਹੈ ਕਿ ਤੁਸੀਂ ਸਾਨੂੰ ਇੰਦਰਾ ਦੇ ਏਜੰਟ ਕਹਿਣਾ ਸ਼ੁਰੂ ਕਰ ਦਿਤਾ ਹੈ। ਸਾਨੂੰ ਜ਼ੈਲ ਸਿੰਘ

ਬੂਟਾ ਸਿੰਘ, ਦਰਬਾਰਾ ਸਿੰਘ, ਭਜਨ ਲਾਲ ਆਦਿਕ ਦੇ ਟੋਲੇ ਵਿਚ ਸ਼ਾਮਿਲ ਕਰ ਦਿਤਾ ਹੈ। ਇਹੋ ਗੱਲ ਅਸੀਂ ਹੁਣ ਬੜੀ ਸਪੱਸ਼ਟ ਕਹਿ ਰਹੇ ਹਾਂ ਕਿ ਖਾਲਿਸਤਾਨ ਦੀ ਮੰਗ ਵੀ ਸਮੁੱਚੇ ਪੰਜਾਬ ਲਈ ਅਤੇ ਖਾਸ ਕਰਕੇ ਸਿੱਖਾਂ ਲਈ ਬਹੁਤ ਹੀ ਨੁਕਸਾਨਦੇਹ ਹੈ ਪਰ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਇੰਦਰਾ ਗਾਂਧੀ ਦੀ ਬੋਲੀ ਬੋਲ ਰਹੇ ਹਾਂ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਵਿਚ ਸੱਚ ਪਛਾਨਣ ਅਤੇ ਸੱਚ ਕਹਿਣ ਦੀ ਜੁਰਅਤ ਹੋਣੀ ਚਾਹੀਦੀ ਹੈ।

ਧਰਮ ਪਰਚਾਰ ਆਪਣੇ ਆਪ ਵਿਚ ਇਕ ਵੱਖਰਾ ਖੇਤ੍ਰ ਹੈ। ਸੰਤ ਭਿੰਡਰਾਂਵਾਲਾ ਜੀ ਉਹਦੇ ਮਾਹਿਰ ਕਹੇ ਜਾ ਸਕਦੇ ਸਨ। ਉਹਨਾਂ ਦੀ ਸਾਰੀ ਸ਼ਖਸੀਅਤ ਇਸਦੇ ਅਨੁਕੂਲ ਸੀ ਪਰ ਇਹੋ ਉਹਨਾਂ ਦੀ ਸੀਮਾਂ ਸੀ। ਇਸ ਸੀਮਾਂ ਤੋਂ ਬਾਹਰ ਆ ਕੇ ਉਹ ਕਿਸੇ ਕਿਸਮ ਦੀ ਅਗਵਾਈ ਦੇਣ ਦੇ ਯੋਗ ਨਹੀਂ ਸਨ। ਆਪਣੀ ਸ਼ਖਸੀਅਤ ਦੇ ਸਿਰ ਤੇ ਉਹ ਸ੍ਰੀ ਅਕਾਲ ਤਖਤ ਦੀ ਉੱਚ ਥਾਂ ਤੇ ਪੁੱਜ ਗਏ ਤੇ ਉਹਨਾਂ ਦਾ ਫਰਮਾਨ ਇਲਾਹੀ ਫਰਮਾਨ ਹੋ ਗਿਆ। ਕੁਝ ਡਰ ਗਏ, ਕੁਝ ਮੌਕਾਪ੍ਰਸਤ ਉਂਝ ਹੀ ਮੌਕੇ ਦਾ ਫਾਇਦਾ ਉਠਾਣ ਲਈ ਉਹਨਾਂ ਦੇ ਆਲੇ ਦੁਆਲੇ ਇਕੱਠੇ ਹੋ ਗਏ। ਨਤੀਜਾ ਜੋ ਨਿਕਲਿਆ ਉਹ ਸਾਰਿਆਂ ਦੇ ਸਾਹਮਣੇ ਹੈ।

ਹੁਣ ਪੰਜ ਸਿੰਘ ਸਾਹਿਬਾਨ ਮੈਦਾਨ ਵਿਚ ਨਿਤਰੇ ਹਨ। ਉਹਨਾਂ ਨੇ ਦਰਬਾਰ ਸਾਹਿਬ ਦਾ ਕੰਪਲੈਕਸ ਆਪਣੇ ਜ਼ਿੰਮੇ ਲੈ ਲਿਆ ਹੈ, ਸਮੁੱਚੇ ਪੰਜਾਬ ਲਈ ਚੰਗੀ ਗੱਲ ਹੈ। ਉਹਨਾਂ ਇਸ ਕੰਪਲੈਕਸ ਦਾ ਇੰਤਜ਼ਾਮ ਸਿੱਖ ਮਰਿਯਾਦਾ ਦੇ ਅਨੁਸਾਰ ਚਲਾਉਣ ਦਾ ਐਲਾਨ ਕੀਤਾ ਹੈ, ਇਕ ਹੋਰ ਵੀ ਚੰਗੀ ਗੱਲ ਹੈ, ਪਰ ਜੇ ਇਹ ਕਿਹਾ ਜਾਏ ਕਿ ਇਹ ਸਿੰਘ ਸਾਹਿਬਾਨ ਪੰਜਾਬ ਦੇ ਸਮੂਹ ਲੋਕਾਂ ਨੂੰ ਸਿਆਸੀ ਅਗਵਾਈ ਦੇਣ ਦੇ ਯੋਗ ਹਨ ਤਾਂ ਇਹ ਗੱਲ ਸਵੀਕਾਰ ਨਹੀਂ ਕੀਤੀ ਜਾ ਸਕਦੀ। ਇਸ ਖੇਤ੍ਰ ਵਿਚ ਉਹਨਾਂ ਨੇ ਇਕ ਮਹੀਨੇ ਵਿਚ ਹੀ ਪਹਿਲੇ ਗਿਆਨੀ ਜ਼ੈਲ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਤੇ ਫੇਰ ਉਹਦੀ ਬਾਇਜ਼ਤ ਮੁਆਫੀ ਦੇ ਕੇ ਇਸ ਖੇਤ੍ਰ ਵਿਚ ਆਪਣੀ ਲਿਆਕਤ ਦੀ ਸੀਮਾਂ ਜ਼ਾਹਰ ਕਰ ਦਿਤੀ ਹੈ। ਹੁਣ ਜੇਕਰ ਸਾਨੂੰ ਕੋਈ ਇਹ ਆਖ ਦੇਵੇ ਜਾਂ ਸਲਾਹ ਦੇ ਦੇਵੇ ਕਿ ਤੁਸੀਂ ਸਾਰੀ ਸਮਾਜਕ ਸਾਇੰਸ ਭੁਲ ਕੇ (ਜਿਸ ਵਿਚ ਕਾਰਲ ਮਾਰਕਸ ਦੀ ਇਕ ਅਮਿੱਟ ਦੇਣ ਹੈ) ਸਿੰਘ ਸਾਹਿਬਾਨ ਦੀ ਸਿਆਸੀ ਅਗਵਾਈ ਕਬੂਲ ਕਰੋ ਤਾਂ ਸਾਡੇ ਲਈ ਇਹ ਮੁਮਕਿਨ ਨਹੀਂ, ਭਾਵੇਂ ਸਿੰਘ ਸਾਹਿਬਾਨ ਦਾ ਵੀ ਇਹੀ ਦਾਅਵਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਲਿਜਾ ਰਹੇ ਹਨ। ਗੁਰੂ ਗਰੰਥ ਸਾਹਿਬ ਦੀ ਵਿਆਖਿਆ ਕਰ ਲੈਣ ਦੀ ਲਿਆਕਤ ਅਤੇ ਸਿਆਸੀ ਲਿਆਕਤ ਦੋ ਵੱਖ ਵੱਖ ਖੇਤ੍ਰ ਹਨ। ਹੁਣ ਭਾਰਤ ਵਿਚ ਇਕ 'ਬਜਰੰਗ ਸੈਨਾ' ਬਣੀ ਹੈ ਜਿਸਦਾ ਮੈਨੀਫੈਸਟੋ ਸਾਰੀ ਦੁਨੀਆਂ ਵਿਚ 'ਰਾਮ ਰਾਜ' ਕਾਇਮ ਕਰਨਾ ਹੈ। ਜੇ ਕੋਈ ਕ੍ਰਹੇ ਕਿ ਹਿੰਦੂਆਂ ਨੂੰ ਰਾਮਰਾਜ ਵਾਲੀ ਇਸ ਸੈਨਾ ਕੋਲੋਂ ਅਗਵਾਈ ਲੈਣੀ ਚਾਹੀਦੀ ਹੈ ਤਾਂ ਇਹੋ ਜਿਹੀ ਬੇਤੁੱਕੀ ਨੂੰ ਕੋਈ ਅਕਲੋਂ ਅੰਨਾਂ ਹੀ ਸਿਆਸੀ ਤੌਰ ਤੇ ਅਪਣਾ ਸਕਦਾ ਹੈ।

ਤੁਸੀਂ ਗੁਰੂ ਦੇ ਸਿੱਖ ਬਣੋ, ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਕਿਰਤ ਦੇ ਹੱਕ ਵਿਚ ਖਲੋਣ ਦਾ ਜਜ਼ਬਾ ਲਵੋ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਜ਼ੁਲਮ ਤੇ ਜਬਰ ਵਿਰੁਧ ਸੰਘਰਸ਼ ਕਰਨ ਦੀ ਪ੍ਰੇਰਨਾ ਲਵੋ, ਸਥਾਪਨਾ ਲਵੋ, ਇਹ ਸਾਡੇ ਸਾਰਿਆਂ ਲਈ ਫਖਰ ਦੀ ਗੱਲ ਹੈ ਪਰ ਇਹ ਗੱਲ ਕਦੀ ਨਹੀਂ ਭੁਲਣੀ ਚਾਹੀਦੀ ਕਿ ਇਤਿਹਾਸ ਦਾ ਪਹੀਆ ਨਾ ਸਤਾਰਵੀਂ ਸਦੀ (ਗੁਰੂ ਗੋਬਿੰਦ ਸਿੰਘ ਜੀ ਦਾ ਕਾਲ ਸਮਾਂ) ਤੇ ਨਾ ਹੀ ਉਨਵੀਂ ਸਦੀ (ਕਾਰਲ ਮਾਰਕਸ ਦਾ ਕਾਲ ਸਮਾਂ) ਵਿਚ ਜਾਮ ਹੋਇਆ ਸੀ। ਜਿਹੜੇ ਲੋਕਾਂ ਦਾ ਸਮੂਹ ਵੀਹਵੀਂ ਸਦੀ ਵਿਚ ਸਤਾਰਵੀਂ ਜਾ ਉਨਵੀਂ ਸਦੀ ਦੀ ਸੂਝ ਨਾਲ ਵਿਚਰਨਾ ਚਾਹੁੰਦਾ ਹੈ, ਉਹਦੇ ਲਈ ਹਾਰਾਂ ਤੋਂ ਸਿਵਾ ਭਵਿਖ ਵਿਚ ਹੋਰ ਕੁਝ ਨਹੀਂ। ਇਹ ਇਕ ਸਮਾਜਕ ਯਥਾਰਥ ਹੈ ਅਤੇ ਇਹ ਕੇਸਾਧਾਰੀ ਸਿੱਖਾਂ ਉਤੇ ਵੀ ਲਾਗੂ ਹੁੰਦਾ ਹੈ ਤੇ ਕਮਿਊਨਿਸਟਾਂ ਉਤੇ ਵੀ ਲਾਗੂ ਹੁੰਦਾ ਹੈ। ਜਿੰਨੀ ਜਲਦੀ ਅਸੀਂ ਸਾਰੇ ਇਹ ਸਮਝ ਲਈਏ, ਉਨਾਂ ਹੀ ਚੰਗਾ ਹੈ।

—ਗੁਰਸ਼ਰਨ ਸਿੰਘ

---

## ਇਕ ਚਿੱਠੀ ਕਨੇਡਾ ਤੋਂ ਖਾਲਿਸਤਾਨੀ ਲੀਡਰ ਭੋਲੇ ਭਾਲੇ ਲੋਕਾਂ ਦੇ ਲੱਖਾਂ ਡਾਲਰ ਹਜ਼ਮ ਕਰ ਰਹੇ ਹਨ

ਕਨੇਡਾ, ਅਮਰੀਕਾ ਅਤੇ ਇੰਗਲੈਂਡ ਦੇ ਖਾਲਿਸਤਾਨੀ ਲੀਡਰ ਕਿਸ ਤਰ੍ਹਾਂ ਭੋਲੇ ਭਾਲੇ ਲੋਕਾਂ ਤੋਂ ਲੱਖਾਂ ਡਾਲਰ ਬਟੋਰ ਕੇ ਆਪ ਦੇ ਢਿੱਡਾਂ ਵਿਚ ਪਾ ਰਹੇ ਹਨ। ਇਸ ਦਾ ਪਤਾ ਕਨੇਡਾ ਤੋਂ ਨਿਕਲਦੇ ਖਾਲਿਸਤਾਨੀ ਅਖਬਾਰ ਇੰਡੋ-ਕਨੇਡੀਅਨ ਤੋਂ ਪਤਾ ਲਗਦਾ ਹੈ। ਮੈਂ ਸਮਤਾ ਦੇ ਪਾਠਕਾਂ ਲਈ ਇੰਡੋ-ਕਨੇਡੀਅਨ ਟਾਈਮਜ਼ ਦੇ 14 ਸਤੰਬਰ 1984 ਦੇ ਅੰਕ 'ਚ ਛਪਿਆ ਸੰਪਾਦਕੀ ਦਾ ਇਕ ਅੰਸ਼ ਭੇਜ ਰਿਹਾ ਹਾਂ ਤਾਂ ਕਿ ਖਾਲਿਸਤਾਨ ਦੀ ਮਦਦ ਕਰਨ ਵਾਲੇ 'ਲੀਡਰਾਂ' ਦੀ ਅਸਲੀਅਤ ਪੰਜਾਬ ਦੇ ਲੋਕਾਂ ਸਾਹਮਣੇ ਪੇਸ਼ ਕੀਤੀ ਜਾ ਸਕੇ। ਜੇ ਕਿਤੇ ਕੋਈ ਅਗਾਂਹ-ਵਧੂ ਪਰਚਾ ਇਹ ਲਿਖਦਾ ਹੈ ਕਿ ਖਾਲਿਸਤਾਨੀ ਲੋਕਾਂ ਦੇ ਪੈਸੇ ਖਾ ਰਹੇ

ਹਨ ਤਾਂ ਖਾਲਿਸਤਾਨੀ ਕਹਿੰਦੇ ਹਨ ਕਿ ਇਹਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਖਾਲਿਸਤਾਨ ਦੀ ਮੰਗ ਦਾ ਸਮਰਥਨ ਕਰਨ ਵਾਲੇ ਪਤਰੇ ਦਾ ਸੰਪਾਦਕੀ ਇਸ ਪ੍ਰਕਾਰ ਹੈ :

—ਸਮਤਾ ਦਾ ਇਕ ਪਾਠਕ

## ਸੰਪਾਦਕੀ

**"ਪਿਛੇ ਬੈਠ ਸਰਦਾਰਾਂ ਗੁਰਮਤਾ ਕੀਤਾ,**
**ਕੋਈ ਅਕਲ ਦਾ ਕਰੋ ਇਲਾਜ ਯਾਰੋ।"**

**—ਸ਼ਾਹ ਮੁਹੰਮਦ**

ਅੱਜ ਜੋ ਆਪੋ ਧਾਪ ਪੰਥ ਦੇ ਨਾਂ 'ਤੇ ਪਈ ਹੈ, ਉਸ ਨੇ ਸਿਖ ਕੌਮ ਦੀ ਅਕਲ ਦਾ ਅੱਜ ਫਿਰ ਜਲੂਸ ਕੱਢ ਕੇ ਰੱਖ ਦਿਤਾ ਹੈ। ਵਿਸ਼ਵ ਦੀ ਕਿਸੇ ਇਕ ਸਰਕਾਰ ਨੇ ਵੀ ਜ਼ਾਹਰਾ ਤੌਰ ਤੇ ਸਿੱਖਾਂ ਤੇ ਹੋਏ ਕਤਲੇ-ਆਮ ਸਬੰਧੀ ਹਾਅ ਦਾ ਨਾਹਰਾ ਨਹੀਂ ਮਾਰਿਆ। ਜਿਨ੍ਹਾਂ ਪੱਛਮੀ ਦੇਸ਼ਾਂ ਨੂੰ ਪੋਲੈਂਡ ਵਿਚ ਕਿਸੇ ਨੂੰ ਛਿੱਕ ਆ ਜਾਣ ਤੇ ਵੀ ਜ਼ੁਕਾਮ ਹੋ ਜਾਂਦਾ ਹੈ, ਉਹ ਵੀ ਚੁੱਪ ਹਨ! ਘੋਰ ਚੁੱਪ!! ਕਾਰਨ ? ਸਾਡੀ ਲੀਡਰਸ਼ਿਪ ਦੀ ਕਮਜ਼ੋਰੀ।

ਜੇ ਇਥੇ ਅਸੀਂ ਪੰਜਾਬ ਦੀ ਗੱਲ ਛੱਡ ਦੇਈਏ ਅਤੇ ਕੇਵਲ ਵਿਦੇਸ਼ਾਂ ਦੀ ਗੱਲ ਕਰੀਏ, ਤਾਂ ਵੀ ਅਸੀਂ ਇਥੇ ਰਹਿੰਦੇ ਹੋਏ ਤਿੰਨ ਸਦੀਆਂ ਪੁਰਾਣੇ ਦਾਅ-ਪੇਚ ਵਰਤ ਰਹੇ ਹਾਂ। ਕੌਮ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਜਦ ਇਕ ਸਰਕਾਰ ਦੇ ਮੁਕਾਬਲੇ ਤੇ ਦੂਸਰੀ ਅਤੇ ਇਕ ਸੰਸਥਾ ਦੇ ਮੁਕਾਬਲੇ ਤੇ ਦੂਸਰੀ ਸੰਸਥਾ ਤੁਰੰਤ ਖੜੀਅ ਕੀਤੀਆਂ ਜਾ ਰਹੀਆਂ ਹਨ। ਖਾਲਿਸਤਾਨ ਦੇ ਹਾਮੀ ਰਾਤੋ ਰਾਤ ਪੈਦਾ ਹੋ ਰਹੇ ਹਨ। ਕਈ ਇਸ ਤਰ੍ਹਾਂ ਦੀਆਂ ਵੀ ਜਥੇਬੰਦੀਆਂ ਹਨ, ਜਿਨ੍ਹਾਂ ਦੇ ਲੀਡਰ ਉਜੱਡ, ਅਨਪੜ੍ਹ ਤੇ ਗਵਾਰ ਕਿਸਮ ਦੇ ਬੰਦੇ ਹਨ ਪਰ ਫਿਰ ਵੀ ਮਕਾਰੀ ਭਰੀਆਂ ਲੂੰਬੜ ਚਾਲਾਂ ਨਾਲ ਧੜਾ ਧੜ ਡਾਲਰ ਤੇ ਪੌਂਡ ਇਕੱਤਰ ਕੀਤੇ ਜਾ ਰਹੇ ਹਨ। ਪੰਥ ਨੂੰ ਸ਼ਹੀਦਾਂ ਦਾ ਵਾਸਤਾ ਪਾ ਕੇ ਨੋਟਾਂ ਦੀਆਂ ਪੰਡਾਂ ਬੰਨ੍ਹੀਆਂ ਜਾ ਰਹੀਆਂ ਹਨ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਨ੍ਹਾਂ ਉਜੱਡ ਲੋਕਾਂ ਨੇ ਆਪਣੇ ਹੀ ਖੋਲ ਵਿਚ ਨਿਵਾਸ ਰੱਖ ਕੇ, ਨਾ ਤਾਂ ਕੋਈ ਲੌਬੀ ਕੀਤੀ ਹੈ ਨਾ ਹੀ ਕਿਸੇ ਦੇਸ਼ ਦੇ ਪ੍ਰਤੀਨਿਧ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਹੈ।

ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੋ ਰਹੀ ਕਿ, ਜੋ ਕੁਝ ਇਹ ਗਵਾਰ ਟੋਲੇ ਕਰ ਰਹੇ ਹਨ, ਉਸ ਨਾਲ ਇਨ੍ਹਾਂ ਦੇ ਆਪਣੇ ਢਿੱਡ ਤਾਂ ਸੰਗਤਾਂ ਦੇ ਪੈਸੇ ਨਾਲ ਜ਼ਰੂਰ ਭਰ ਜਾਣਗੇ। ਪਰ ਕੌਮ ਨਾਲ ਬਹੁਤ ਵੱਡੀ ਗ਼ਦਾਰੀ ਹੋਏਗੀ। ਜੋ ਪੈਸੇ ਇਨ੍ਹਾਂ ਨੇ ਆਪਣੇ ਢਿੱਡ ਭਰਨ ਲਈ ਸੰਗਤਾਂ ਦੇ ਵਰਤਣੇ ਹਨ, ਉਹੀ ਪੈਸੇ ਪੰ. ਦੇ ਕੰਮ ਆਉਣੇ ਚਾਹੀਦੇ ਹਨ। ਲੋਕਾਂ ਦੇ ਪੈਸਿਆਂ ਤੇ ਮਹੱਲ ਉਸਾਰੇ ਜਾ ਰਹੇ ਹਨ। ਸਾਲਾਂ ਬੱਧੀ ਵਿਹਲੇ ਲੋਕ, ਜਿਨ੍ਹਾਂ ਨੂੰ ਇਕ ਸੈਂਟ ਦੀ ਵੀ ਆਮਦਨ ਨਹੀਂ ਦੂਸਰੇ ਤੇ ਤੀਸਰੇ ਘਰ ਖਰੀਦੀ ਜਾ ਰਹੇ ਹਨ। ਨਵੀਆਂ ਨਕੋਰ ਕਾਰਾਂ ਵਿਚ ਗਗਨੀ ਰੰਗ ਲਿਸ਼ਕਾਈ ਬੈਠੇ ਲੋਕ ਅੱਜ ਕਲ੍ਹ ਬੜੇ ਹੱਸ ਰਹੇ ਹਨ, ਕਿਉਂਕਿ ਲੱਛਮੀ ਦੇਵੀ ਦੀ ਖੂਬ ਮਿਹਰ ਹੈ। ਪਰ ਕੌਮ ਇਹ ਧੋਖਾ ਕਿਤਨਾ ਚਿਰ ਬ੍ਰਦਾਸ਼ਤ ਕਰਦੀ ਰਹੇਗੀ ?...

C

## ਪ੍ਰੋ. ਭਾਰਦਵਾਜ ਦੇ ਦਸ ਸਵਾਲ ਤੇ ਉਹਨਾਂ ਦੇ ਜਵਾਬ

ਪ੍ਰੋ. ਭਾਰਦਵਾਜ ਦੇ ਲੇਖ ਸਮਤਾ ਵਿਚ ਛਪਦੇ ਰਹੇ ਹਨ। 4 ਅਪ੍ਰੈਲ 1983 ਵਿਚ ਜਦੋਂ ਅਕਾਲੀਆਂ ਵਲੋਂ ਚਲਾਏ ਗਏ 'ਰਾਸਤਾ ਰੋਕੋ' ਅੰਦੋਲਨ ਵਿਚ ਸਤਿਆਗ੍ਰਹਿ ਕਰਦੇ ਹੋਏ ਨਿਹੱਥੇ ਲੋਕ ਪੁਲਸ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ ਤਾਂ ਪ੍ਰੋ. ਭਾਰਦਵਾਜ ਨੇ ਰੋਸ ਵਜੋਂ ਆਪਣੀ ਬ ਪਰ ਇੰਜਨੀਅਰਿੰਗ ਕਾਲਜ ਦੇ ਪ੍ਰੋਫੈਸਰੀ ਦੀ ਨੌਕਰੀ ਤੋਂ ਅਸਤੀਫਾ ਦੇ ਦਿਤਾ ਅਕਾਲੀ ਦਲ ਦੇ ਐਡਵਾਇਜ਼ਰ ਬਣ ਗਏ। ਮਈ 1984 ਵਿਚ ਉਹ ਇੰਗਲੈਂਡ ਪਹੁੰਚੇ ਤੇ ਹੁਣ ਤਕ ਉਥੇ ਹੀ ਹਨ। ਆਮ ਤੌਰ ਤੇ ਇੰਗਲੈਂਡ ਦੀਆਂ ਉਹਨਾਂ ਅਖਬਾਰਾਂ ਵਿਚ ਉਹਨਾਂ ਦੇ ਲੇਖ ਛਪਦੇ ਹਨ ਜੋ ਖਾਲਿਸਤਾਨ ਦੀਆਂ ਹਾਮੀ ਸਮਝੀਆਂ ਜਾਂਦੀਆਂ ਹਨ। ਇੰਗਲੈਂਡ ਵਿਚ ਵਸਦੇ ਖੱਬੀ ਵਿਚਾਰਧਾਰਾ ਦੇ ਪੰਜਾਬੀਆਂ ਦੀ ਇਹ ਧਾਰਨਾ ਹੈ ਕਿ ਪ੍ਰੋ. ਭਾਰਦਵਾਜ ਭਾਵੇਂ ਆਪਣੇ ਆਪ ਨੂੰ ਭਾਰਤ ਦਾ ਵੱਡਾ ਹਿਤੂ ਅਤੇ ਗ਼ਰੀਬਾਂ ਦਾ ਚੈਂਪੀਅਨ ਦਸਦਾ ਹੈ ਪਰ ਉਹ ਸਾਰੇ ਭਾਰਤੀ ਮੰਚ ਨੂੰ ਹਿੰਦੂ ਸਿੱਖ ਦੇ ਝਗੜੇ ਦੇ ਪਰਸੰਗ ਵਿਚ ਹੀ ਦੇਖਦਾ ਹੈ। ਉਹਦੀਆ ਲਿਖਤਾਂ ਇਕ ਫਿਰਕੇ ਦੇ ਸ਼ਾਵਨਵਾਦ ਨੂੰ ਪੱਠੇ ਪਾਂਦੀਆਂ ਹਨ ਤੇ ਫਿਰਕੂ ਹੋ ਕੇ ਨਿਬੜਦੀਆਂ ਹਨ। ਇਕ ਐਸੇ ਹੀ ਲੇਖ 'ਚ ਪ੍ਰੋ. ਭਾਰਦਵਾਜ ਨੇ ਦਸ ਸਵਾਲ ਪੇਸ਼ ਕੀਤੇ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬਰੀਟੇਨ ਦੇ ਅਖ਼ਬਾਰ 'ਲਲਕਾਰ' ਵਿਚ ਉਹਨਾਂ ਦੇ ਜਵਾਬ ਦਿਤੇ ਗਏ। ਇਕੋ ਇਤਿਹਾਸ ਨੂੰ ਦੋ ਪੱਖ ਤੋਂ ਵੇਖਣ ਦੀ 'ਇਹ ਸਵਾਲ ਤੇ ਜਵਾਬ' ਦੀ ਲੜੀ ਇਕ ਵਧੀਆ ਮਿਸਾਲ ਹਨ। ਸਮਤਾ ਦੇ ਪਾਠਕਾਂ ਦੀ ਦਿਲਚਸਪੀ ਲਈ ਇਹ ਲਿਖਤ ਧੰਨਵਾਦ ਸਾਹਿਤ ਲਲਕਾਰ ਤੋਂ ਲੈਕੇ ਇਥੇ ਦਿੱਤੀ ਜਾ ਰਹੀ ਹੈ।—ਸੰਪਾਦਕ

ਸਵਾਲ 1—ਉਹ ਕਿਨ੍ਹਾਂ ਦੇ ਗੁਰੂ ਸਨ ਜਿਹਨਾਂ ਚਾਂਦਨੀ ਚੌਕ ਵਿਚ ਸੀਸ ਕਟਵਾਇਆ ਸੀ ਤੇ ਕਿਨ੍ਹਾਂ ਦੀ ਖਾਤਰ ..?

ਉਤਰ—ਭਾਰਦਵਾਜ ਦਾ ਇਸ਼ਾਰਾ ਹੈ ਕਿ ਪਾਠਕ ਝੱਟਪੱਟ ਕਹਿਣ ਕਿ ਸਿੱਖਾਂ ਦੇ ਨੌਵੇਂ ਗੁਰੂ ਨੇ ਹਿੰਦੂਆਂ ਦੇ ਲਈ ਕੁਰਬਾਨੀ ਦਿੱਤੀ। ਆਮ ਕਿਹਾ ਜਾਂਦਾ ਹੈ ਕਿ ਉਨ੍ਹਾਂ ਤਿਲਕ ਜੰਜੂ ਦੀ ਰਾਖੀ ਲਈ ਆਪਣਾ ਸੀਸ ਕਟਵਾਇਆ। ਤੇਗ ਬਹਾਦਰ ਜੀ ਨੇ ਮਜ਼ਹਬੀ ਸਿਆਸੀ ਜਬਰ ਜ਼ੁਲਮ

ਵਿਰੁੱਧ ਅਤੇ ਆਪ ਹਿੰਦੂ ਹੁੰਦੇ ਹੋਏ, ਹਿੰਦੂਆਂ ਲਈ ਭਾਰਤ ਦੇ ਸਮੁੱਚ ਮਜ਼ਲੂਮ ਲੋਕਾਂ ਖਾਤਰ ਮਹਾਨ ਕੁਰਬਾਨੀ ਦਿੱਤੀ।

ਸਵਾਲ 2—ਉਹ ਕੌਣ ਸਨ ਜਿਹਨਾਂ ਬੁੱਚੜ ਸੋਧੇ ਸਨ, ਜਿਸ ਕਰਕੇ ਉਹਨਾਂ ਨੂੰ ਤੋਪਾਂ ਮੂਹਰੇ ਖੜਾ ਕਰ ਕਰਕੇ ਉੜਾ ਦਿੱਤਾ ਗਿਆ ਸੀ।

ਉਤਰ—ਮਹਾਨ ਬਾਬਾ ਰਾਮ ਸਿੰਘ ਨਾਮਧਾਰੀ ਕੂਕਾ ਅਤੇ ਉਹਦੇ ਸਾਥੀ, ਪਰ ਉਹ ਖਾਲਿਸਤਾਨ ਲਈ ਨਹੀਂ ਸਗੋਂ ਸਮੁੱਚੇ ਭਾਰਤ ਦੀ ਆਜ਼ਾਦੀ ਲਈ ਸ਼ਹਿਦ ਹੋਏ, ਜਿਸ ਵਿਚ ਹਿੰਦੂ ਸਿਖ ਮੁਸਲਮਾਨ, ਈਸਾਈ ਅਤੇ ਹੋਰ ਧਰਮਾਂ ਦੇ ਲੋਕੀ ਵੀ ਰਹਿੰਦੇ ਸਨ।

ਸਵਾਲ 3. ਉਹਨਾਂ ਗਦਰੀਆਂ ਵਿਚੋਂ ਬਹੁਤੇ ਕੌਣ ਸਨ ਜਿਹਨਾਂ ਨੂੰ ਅੰਗ੍ਰੇਜ਼ੀ ਸਾਮਰਾਜ ਦਾ ਤਖਤ ਉਲਟ ਉਣ ਦੇ ਜੁਰਮ ਵਿਚ ਫਾਂਸੀਆਂ ਉੱਤੇ ਟੰਗ ਦਿਤਾ ਗਿਆ ਸੀ?

ਉਤਰ—ਉਨ੍ਹਾਂ ਵਿਚੋਂ ਬਹੁ ਗਿਣਤੀ ਪੰਜਾਬੀਆਂ ਦੀ ਸੀ ਅਤੇ ਉਹ ਭਾਰਤੀ ਸਨ, ਭਾਰਤੀ ਲੋਕਾਂ ਨੂੰ ਪਿਆਰ ਕਰਨ ਵਾਲੇ ਭਾਰਤ ਦੇ ਮਹਾਨ ਸਪੂਤ।

ਸਵਾਲ 4—ਮੁਲਕ ਦੀ ਆਜ਼ਾਦੀ ਖਾਤਰ ਅੰਡੇਮਾਨ ਅਤੇ ਨਿਕੋਬਾਰ ਦੀਆਂ ਕਾਲ ਕੋਠੜੀਆਂ ਵਿਚ ਸਾਲਾਂ ਬੱਧੀ ਲੜਣ ਵਾਲਿਆਂ ਵਿਚੋਂ ਬਹੁਸਮਤੀ ਕਿਹਨਾਂ ਦੀ ਸੀ?

ਉਤਰ—ਪੰਜਾਬੀਆਂ ਦੀ

ਸਵਾਲ 5—ਬੱਜ ਬੱਜ ਘਾਟ ਕਲਕੱਤੇ ਵਿਖੇ ਕਿਹਨਾਂ ਨੂੰ ਗੋਲੀਆਂ ਨਾਲ ਭੂਨ ਦਿੱਤਾ ਗਿਆ ਸੀ?

ਉਤਰ—ਹਿੰਦੁਸਤਾਨੀਆਂ ਨੂੰ ਜਿਹੜੇ ਵਿਦੇਸ਼ਾ ਤੋਂ ਭਾਰਤ ਜਾ ਰਹੇ ਸਨ।

ਸਵਾਲ 6—ਜੱਲ੍ਹਿਆਂ ਵਾਲੇ ਬਾਗ ਵਿੱਚ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਵਿਚੋਂ ਬਹੁਗਿਣਤੀ ਕਿਹਨਾਂ ਦੀ ਸੀ?

ਉਤਰ—ਪੰਜਾਬੀਆਂ ਦੀ।

ਸਵਾਲ 7—ਗੋਆ, ਚੀਨ ਪਾਕਿਸਤਾਨ ਦੇ ਬਾਰਡਰਾਂ ਤੇ ਜੋ ਮਰਦੇ ਆਏ ਹਨ ਉਹਨਾਂ ਵਿਚੋਂ ਬਹੁਗਿਣਤੀ ਕਿਹਨਾਂ ਦੀ ਸੀ?

ਉਤਰ—ਭਾਰਤੀ ਫੌਜ ਦੇ ਸਪਾਹੀਆਂ ਦੀ, ਉਝ ਕੁੱਝ ਅਫ਼ਸਰ ਅਤੇ ਸਿਵਲੀਅਨ ਵੀ ਮਰੇ ਸਨ।

ਸਵਾਲ 8—ਉਹ ਕੌਣ ਹਨ ਜਿਹਨਾਂ ਆਪਣੀ ਜਾਨ ਨਾਲੋਂ ਪਿਆਰੇ ਗੁਰਧਾਮਾਂ ਤੋਂ ਵਿਛੜ ਕੇ, ਧੀਆਂ ਭੈਣਾਂ ਦੀ ਇਜ਼ਤਾਂ ਦਾ ਖਤਰਾ ਮੁਲ ਲੈ ਕ, ਸਕੇ ਸਬੰਧੀ ਅੱਖਾਂ ਸਾਮ੍ਹਣੇ ਮਰਵਾ ਕੇ, ਜ਼ਮੀਨ ਜਾਇਦਾਦ ਖੁਹਾਕੇ, ਗਹਿਣਾ ਗੱਟਾ ਲੁਟਾ ਕੇ, ਵੀ ਹਿੰਦੁਸਤਾਨ ਨਾਲ ਕਿਸਮਤ ਜੋੜਣ ਵਿਕ ਬਿਹਤਰੀ ਸਮਝੀ ਸੀ?

ਉਤਰ—ਪੰਜਾਬ ਦੇ ਕਿਸਾਨ ਅਤੇ ਹੋਰ ਪੰਜਾਬੀ ਅਤੇ ਬੰਗਲਾ ਦੇਸ਼ ਦੇ ਅਣਗਿਣਤ ਬੰਗਾਲੀ

ਸਵਾਲ 9—ਉਹ ਕੌਣ ਹਨ ਜਿਹਨਾਂ ਮੁਲਕ ਦੇ ਮੱਥੇ ਉਤੋਂ ਦਰ ਦਰ ਤੋਂ ਟੁੱਕ ਮੰਗਣ ਵਾਲਾ ਕਲੰਕ ਹਮੇਸ਼ਾਂ ਲਈ ਲਾਹ ਕੇ ਰੱਖ ਦਿੱਤਾ ਹੈ?

ਉਤਰ— ਦੇਸ਼ ਦੇ ਖੇਤ ਮਜ਼ਦੂਰ ਅਤੇ ਕਿਸਾਨ, ਪਰ ਇਹ ਬਿਲਕੁਲ ਗਲਤ ਹੈ ਕਿ ਦੇਸ਼ ਦੀ ਖੁਰਾਕ ਦੀ ਘਾਟ ਦਾ ਇਲਾਜ ਹਮੇਸ਼ਾ ਲਈ ਹੋ ਗਿਆ ਹੈ। ਉਹ ਇਲਾਜ ਤਦੋਂ ਹੀ ਪੱਕੇ ਤੌਰ ਤੇ ਹੋਵੇਗਾ ਜਦੋਂ ਦੇਸ਼ ਦੀ ਕਿਸਮਤ, ਦੇਸ਼ ਦਾ ਧੰਨ, ਧੰਨ ਪੈਦਾ ਕਰਨ ਵਾਲਿਆਂ ਦੇ ਹੱਥ ਵਿੱਚ ਹੋਵੇਗਾ ਅਤੇ ਜ਼ਮੀਨ ਦੇ ਮਾਲਕ ਜੋਤਨ ਵਾਲੇ ਹੋਣਗੇ।

ਸਵਾਲ 10—ਉਹ ਕੌਣ ਹਨ ਜੋ ਹਜ਼ਾਰਾਂ ਨਹੀਂ, ਲੱਖਾਂ ਲੱਖਾਂ ਨਹੀਂ, ਕਰੋੜਾਂ, ਕਰੋੜਾਂ ਨਹੀਂ, ਸਗੋਂ ਅਰਬਾਂ ਗਿਲਡਰ ਤੇ ਮਾਰਕ ਬਾਥ ਤੇ ਜੈਨ, ਫਰੈਂਕ ਤੇ ਦੀਨਾਰ, ਕਰਉਨ ਤੇ ਪਸੇਤੇ ਲੀਰੇ ਅਤੇ ਟਕੇ, ਡਾਲਰ ਅਤੇ ਪੌਂਡ ਹਿੰਦੁਸਤਾਨ ਭੇਜ ਭੇਜ ਕੇ ਉਥੋਂ ਦੀ ਢਿਚਕੂੰ ਢਿਚਕੂੰ ਕਰ ਰਹੀ ਇਕੋਨੋਮੀ ਨੂੰ ਪੰਜਾਹ ਸਾਲ ਤੋਂ ਠੁਮਣਾ ਦੇਈ ਆ ਰਹੇ ਹਨ?

ਉਤਰ – ਹਿੰਦੁਸਤਾਨ ਤੋਂ ਬਾਹਰ ਦੁਨੀਆਂ ਦੇ ਵੱਖ ਵੱਖ ਦੇਸ਼ੀ ਵਿਦੇਸ਼ੀ ਵਸਦੇ ਹਿੰਦੁਸਤਾਨੀ।

ਪ੍ਰੋ. ਸਾਹਬ, ਇੰਦਰਾ ਮਾਈ ਇਕ ਜਮਾਤ ਦੀ ਪ੍ਰਤੀਨਿਧ ਹੈ ਤੇ ਉਹਦੇ ਹਿੱਤ ਪੂਰਦੀ ਹੈ। ਇਹ ਜਮਾਤ ਹਿੰਦੂਆਂ ਨੂੰ ਲੁਟਦੀ ਹੈ, ਮੁਸਲਮਾਨਾਂ ਨੂੰ ਵੀ ਅਤੇ ਹੋਰ ਧਰਮਾਂ ਦੇ ਬੰਦਿਆਂ ਨੂੰ ਵੀ। ਲੜਾਈ ਲੁੱਟੇ ਜਾਂਦੇ ਅਤੇ ਲੁੱਟਣ ਵਾਲਿਆਂ ਵਿਚਕਾਰ ਹੈ। ਲੁੱਟਣ ਵਾਲੇ ਗਰੀਬਾਂ ਦੀ ਜ਼ਾਤ ਨਹੀਂ ਪੁਛਦੇ। ○

---

ਇਕ ਰਿਪੋਰਟ

## ਜਮਹੂਰੀ ਹੱਕਾਂ ਦੀ ਰਾਖੀ ਲਈ ਸੰਘਰਸ਼

ਇਕ ਪਾਸੇ ਸਰਕਾਰ ਦਾ ਜਬਰ ਅਤੇ ਦੂਜੇ ਪਾਸੇ ਫਿਰਕੂ ਜਨੂੰਨੀਆਂ ਦੀਆਂ ਉੱਕਾ ਦੁੱਕਾ ਕਾਰਵਾਈਆ ਪੰਜਾਬ ਦੇ ਅਮਨ ਲਈ ਪੂਰੀ ਤਰ੍ਹਾਂ ਖਤਰਾ ਬਣੀਆਂ ਹੋਈਆਂ ਹਨ। ਜਲੰਧਰ ਵਿਖੇ 18 ਅਗਸਤ ਨੂੰ ਇਕ ਵਿਸ਼ਾਲ ਕਾਨਫਰੰਸ ਵਿਚ ਇਹਨਾਂ ਦੋਵਾਂ ਮਾਰੂ ਸ਼ਕਤੀਆਂ ਦੇ ਵਿਰੁਧ ਲੋਕ ਰਾਏ ਲਾਮਬੰਦ ਕਰਨ ਲਈ ਇਕ Compaign Committee For Democratic Rights (ਜਮਹੂਰੀ ਹੱਕਾਂ ਦੀ ਰਾਖੀ ਲਈ ਇਕ ਸੰਘਰਸ਼ ਕਮੇਟੀ) ਬਣਾਈ ਗਈ ਸੀ। ਇਹ ਫੈਸਲਾ ਲਿਆ ਗਿਆ ਸੀ ਕਿ ਇਸ ਕਮੇਟੀ ਵਲੋਂ ਵੱਖ ਵੱਖ ਸ਼ਹਿਰਾਂ ਵਿਚ ਕਨਵੈਨਸ਼ਨਾਂ ਕੀਤੀਆਂ ਜਾਣ ਅਤੇ ਇਹਦੇ ਨਾਲ ਹੀ ਪਿੰਡਾਂ ਵਿਚ ਬੈਠਕ ਮੀਟਿੰਗਾਂ ਵੀ ਕੀਤੀਆਂ ਜਾਣ। ਇਸ ਪ੍ਰੋਗਰਾਮ ਅਧੀਨ ਕੰਪੇਨ ਕਮੇਟੀ ਵਲੋਂ ਹੁਣ ਤਕ ਲੁਧਿਆਣਾ (30 ਸਤੰਬਰ), ਮਾਨਸਾ (7 ਅਕਤੂਬਰ) ਮੋਗਾ (14 ਅਕਤੂਬਰ) ਵਿਚ ਵਿਸ਼ਾਲ ਕਨਵੈਨਸ਼ਨਾਂ ਕੀਤੀਆਂ ਗਈਆਂ, ਜਿਨ੍ਹਾਂ ਵਿਚ ਵਡੀ

ਪੱਧਰ ਤੇ ਕਨਵੈਨਸ਼ਨ ਵਿਚ ਪਾਸ ਕੀਤੇ ਗਏ ਰੈਜ਼ੂਲੇਸ਼ਨਾਂ ਬਾਰੇ ਲੋਕਾਂ ਨੂੰ ਜਾਗਰੂਪ ਕੀਤਾ ਗਿਆ। ਇਕ ਲੀਫਲੈਟ ਦੀ ਸ਼ਕਲ ਵਿਚ ਇਹ ਰੈਜ਼ੂਲੇਸ਼ਨ ਸਾਧਾਰਨ ਲੋਕਾਂ ਵਿਚ ਵੰਡੇ ਗਏ ਹਨ। ਇਹ ਰੈਜ਼ੂਲੇਸ਼ਨ ਪੰਜਾਬ ਵਿਚ ਫਿਰਕੂ ਸਦਭਾਵਨਾ ਕਾਇਮ ਕਰਨ ਲਈ, ਸਰਕਾਰ ਦਾ ਧਾਰਮਕ ਮਾਮਲਿਆਂ ਵਿਚ ਦਖਲ ਰੋਕਣ ਲਈ, ਧਾਰਮਕ ਅਸਥਾਨਾਂ ਵਿਚ ਸਮਾਜ਼ ਦੁਸ਼ਮਣ ਸ਼ਕਤੀਆਂ ਦੇ ਇਕੱਠੇ ਹੋਣ ਵਿਰੁਧ ਲੋਕਾਂ ਦੀ ਪਹਿਰੇਦਾਰੀ, ਕਾਲੇ ਕਾਨੂੰਨਾਂ ਦੀ ਵਿਰੋਧਤਾ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਅਹਿਮ ਦਸਤਾਵੇਜ਼ ਹਨ। ਕੰਪੇਨ ਕਮੇਟੀ ਨੇ ਜਿਥੇ ਇਹ ਵਿਸ਼ਾਲ ੬ ਨਵੈਨਸ਼ਨਾਂ ਕੀਤੀਆਂ, ਉਥੇ ਆਪਣੀਆਂ ਮੀਟਿੰਗਾਂ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਵੀ ਜਾਇਜ਼ਾ ਲਿਆ। ਵਿਸ਼ੇਸ਼ ਤੌਰਤੇ ਇਸ ਗੱਲ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈਕਿ ਪੁਲਸ ਅਤਿਵਾਦ ਦੇ ਨਾਲ ਨਜਿੱਠਣ ਦੇ ਅਮਲ ਵਿਚ ਇਕਫਿਰਕੇ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਵਿਰੁੱਧ ਅੰਨ੍ਹੀ ਕਾਰਵਾਈ ਕਰ ਰਹੀ ਹੈ ਜਿਸਦੇ ਨਾਲ ਸਾਧਾਰਨ ਲੋਕਾਂ ਵਿਚ ਫਿਰਕੂ ਪਾੜਾ ਵਧ ਰਿਹਾ ਹੈ, ਆਪਸੀ ਭਾਈਚਾਰੇ ਵਿਚ ਸ਼ਕਸ਼ਕੂਕ ਪੈਦਾ ਹੋ ਰਹੇ ਹਨ। ਜਮਹੂਰੀ ਸੋਚ ਵਾਲੇ ਲੋਕ ਜਦੋਂ ਇਸ ਪੁਲਸ ਦਮਨ ਦੇ ਵਿਰੁਧ ਆਵਾਜ਼ ਉਠਾਂਦੇ ਹਨ ਤਾਂ ਉਨ੍ਹਾਂ ਦੀ ਆਵਾਜ਼ ਬੰਦ ਕਰਨ ਲਈ ਉਹਨਾਂ ਉਤੇ ਤਸ਼ੱਦਦ ਕੀਤਾ ਜਾਂਦਾ ਤੇ ਝੂਠੇ ਕੇਸ ਪਾਏ ਜਾਂਦੇ ਹਨ। ਗੁਰਦਾਸਪੁਰ ਵਿਚ ਸਾਥੀ ਗੁਰਮੀਤ ਸਿੰਘ ਦੀ ਇਸ ਸਿਲਸਿਲੇ ਵਿਚ ਸਪਸ਼ਟ ਮਿਸਾਲ ਹੈ। ਸਾਥੀ ਗੁਰਮੀਤ ਸਿੰਘ ਸੀ. ਪੀ. ਆਈ (ਐਮ. ਐਲ.) ਐਸ. ਐਨ. ਗਰੁੱਪ ਦੇ ਆਗੂ ਹਨ ਅਤੇ ਕੰਪੇਨ ਕਮੇਟੀ ਦੇ ਸੂਬਾ ਮੈਂਬਰ ਹਨ। ਫਿਰਕਾਪ੍ਰਸਤੀ ਵਿਰੁਧ ਸੰਘਰਸ਼ ਦਾ ਉਹਨਾਂ ਦਾ ਅਤੇ ਉਹਨਾਂ ਦੀ ਪਾਰਟੀ ਦਾ ਇਕ ਲੰਮਾ ਇਤਿਹਾਸ ਹੈ। ਬਟਾਲਾ ਦੇ ਨੇੜੇ ਛੀਨਾ ਪਿੰਡ ਵਿਚ ਹੋਏ ਬਸ ਮੁਸਾਫਰ ਕਾਂਡ ਵਿਚ, ਪੁਲਸ ਅਸਲ ਦੋਸ਼ੀਆਂ ਨੂੰ ਤਾਂ ਫੜ ਨਾਂ ਸਕੀ ਪਰ ਆਸ ਪਾਸ ਦੇ ਪਿੰਡਾਂ ਵਿਚ ਉਹਨਾਂ ਨੇ ਪੁਛਗਿੱਛ ਕੇ ਅਮਲ ਵਿਚ ਅੰਨ੍ਹੇ ਦਮਨ ਦਾ ਰਾਹ ਇਖਤਿਆਰ ਕੀਤਾ। ਜ਼ਰੂਰੀ ਸੀ ਕਿ ਇਕ ਜਮਹੂਰੀ ਜਨਤਕ ਵਰਕਰ ਹੋਣ ਦੀ ਹੈਸੀਅਤ ਵਿਚ ਸਾਥੀ ਗੁਰਮੀਤ ਸਿੰਘ ਨੇ ਇਸ ਦਮਨ ਵਿਰੁਧ ਆਵਾਜ਼ ਉਠਾਈ। ਉਹਦੀ ਆਵਾਜ਼ ਬੰਦ ਕਰਨ ਲਈ ਪਹਿਲੇ 21 ਸਤੰਬਰ ਨੂੰ ਉਸਨੂੰ ਮਿਲਟਰੀ ਨੇ ਗਿਰਫਤਾਰ ਕੀਤਾ (ਆਧਾਰ ਪੁਲਸ ਰੀਪੋਰਟ ਸੀ)। ਚੌਦ੍ਹਾਂ ਦਿਨ ਉਸ ਉਤੇ ਮਿਲਟਰੀ ਨੇ ਅੰਨ੍ਹਾ ਤਸ਼ੱਦਦ ਕੀਤਾ ਤੇ ਉਸ ਕੋਲੋਂ ਛੀਨਾ ਕੇਸ ਬਾਬਤ ਪੁਛ ਗਿੱਛ ਕਰਦੇ ਰਹੇ। ਕੁਝ ਨਾਂ ਮਿਲਣ ਤੇ ਉਸਨੂੰ 4 ਅਕਤੂਬਰ ਨੂੰ ਰਿਹਾ ਕੀਤਾ ਗਿਆ। ਤਸ਼ੱਦਦ ਦੇ ਕਾਰਨ ਉਹਦੀ ਸਰੀਰਕ ਹਾਲਤ ਬਹੁਤ ਮਾੜੀ ਹੋ ਗਈ ਸੀ। ਪਰ ਪੁਲਸ ਅਧਿਕਾਰੀਆਂ ਨੂੰ ਫੇਰ ਵੀ ਚੈਨ ਨਾ ਆਇਆ। ਆਪਣੇ ਵਧੇ ਹੋਏ ਇਖਤਿਆਰਾਂ ਦੀ ਦੁਰਵਰਤੋਂ ਕਰਦੇ ਹੋਏ ਗੁਰਮੀਤ ਸਿੰਘ ਨੂੰ 11 ਅਕਤੂਬਰ ਫੇਰ ਉਹਦੇ ਘਰੋਂ ਬਖਤਪੁਰਾ ਪਿੰਡ ਵਿਚੋਂ ਬਿਮਾਰੀ ਦੀ ਹਾਲਤ ਵਿਚ ਗਿਰਫਤਾਰ ਕੀਤਾ ਗਿਆ ਤੇ ਕਿਸੇ ਅਣਜਾਣੇ ਥਾਂ ਲਿਜਾਇਆ ਗਿਆ। ਦਿਲੀ P.U.C.L. ਵਲੋਂ ਹੈਬੀਅਸ ਕਾਰਪਸ ਦਾਇਰ ਕੀਤੀ ਗਈ ਤਾਂ ਜਾਂ ਕੇ ਗੁਰਮੀਤ ਸਿੰਘ ਦਾ ਪਤਾ ਲਗ ਸਕਿਆ। ਇਸੇ ਤਰ੍ਹਾਂ ਹੁਣ ਬਠਿੰਡਾ ਜ਼ਿਲਾ ਵਿਚ ਸਾਥੀ ਮਘਰ ਸਿੰਘ ਜੋ ਕੰਪੇਨ ਕਮੇਟੀ ਦਾ ਸੂਬਾ ਮੈਂਬਰ ਹੈ। ਉਸ ਉਤੇ ਖਾਲਿਸਤਾਨ ਦੇ ਨਾਅਰੇ ਲਗਾਉਣ ਦਾ ਝੂਠਾ ਕੇਸ ਪਾਇਆ ਜਾ ਰਿਹਾ ਹੈ। ਕੰਪੇਨ ਪੀ.ਐਸ.ਯੂ. ਦੇ ਕੁਝ ਵਰਕਰ ਪਹਿਲੇ ਹੀ ਝੂਠੇ ਕੇਸਾਂ ਵਿਚ ਬਠਿੰਡਾ ਜੇਲ੍ਹ ਵਿਚ ਹਨ। ਕਮੇਟੀ ਨੇ ਇਹ ਫੈਸਲਾ ਲਿਆ ਕਿ ਇਕ ਪਾਸੇ ਫੌਜ ਤੇ ਪੁਲਸ ਵਲੋਂ ਹੋ ਰਹੀਆਂ ਜ਼ਿਆਦਤੀਆਂ ਵਿਰੁੱਧ ਸਰਗਰਮ ਸੰਘਰਸ਼ ਲਾਮਬੰਦ ਕੀਤੇ ਜਾਣ। ਦੂਜੇ ਪਾਸੇ ਵਿਸ਼ਾਲ ਤੇ ਫਿਰਕੂ ਜਨੂੰਨ ਦੇ ਖਿਲਾਫ ਵੀ ਪਰਚਾਰ ਮੁਹਿੰਮ ਵਿਢੀ ਜਾਏ। ਇਹ ਫਿਰਕੂ ਜਨੂੰਨ ਹਿੰਦੂ ਅਤੇ ਸਿਖ ਦੋਨਾਂ ਫਿਰਕਿਆਂ ਵਿਚ ਇਕ ਜ਼ਹਿਰ ਵਾਂਗੂ ਫੈਲ ਰਿਹਾ ਹੈ। ਕੰਪੇਨ ਕਮੇਟੀ ਨੇ ਇਸ ਗੱਲ ਦਾ ਨੋਟਿਸ ਵੀ ਲਿਆ ਹੈ ਕਿ ਪਿਛਲੇ ਦਿਨਾਂ ਵਿਚ ਭਾਰਤ ਸਰਕਾਰ ਵਲੋਂ ਅਤੇ ਜਲੰਧਰ ਦੀਆਂ ਹਿੰਦ ਸਮਾਚਾਰ ਗਰੁਪ ਦੀਆਂ ਅਖਬਾਰਾਂ ਵਿਚ ਇਕ ਫਿਰਕੇ ਨੂੰ ਪਾਕਿਸਤਾਨ ਦੇ ਨਾਲ ਜੋੜਕੇ ਸਨਸਨੀਖੇਜ਼ ਤਰੀਕੇ ਨਾਲ ਪਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਕਦੀ ਖ਼ਬਰ ਦਿੱਤੀ ਜਾਂਦੀ ਹੈ ਕਿ 500 ਦੇ ਕਰੀਬ ਸਿੱਖ ਅਤਿਵਾਦੀ ਪਾਕਿਸਤਾਨ ਟਰੇਨਿੰਗ ਲੈ ਰਹੇ ਹਨ ਤੇ ਇਹ ਗਿਣਤੀ ਦੋ ਚਾਰ ਦਿਨਾਂ ਬਾਅਦ 15,000 ਤੇ ਪੁੱਜ ਜਾਂਦੀ ਹੈ। ਪਾਕਿਸਤਾਨ ਜੇਕਰ ਭਾਰਤ ਦੇ ਵਿਰੁਧ ਫੌਜੀ ਕਾਰਵਾਈ ਦੀ ਤਿਆਰੀ ਵੀ ਕਰ ਰਿਹਾ ਹੈ ਤਾਂ ਇਹ ਫੌਜ ਦਾ ਫਰਜ਼ ਹੈ ਕਿ ਦੇਸ਼ ਦੇ ਬਚਾਅ ਲਈ ਪੂਰੀ ਤਿਆਰੀ ਕਰੇ। ਅਖਬਾਰਾਂ ਵਿਚ ਘੜੀ ਮੁੜੀ ਬਿਆਨਬਾਜ਼ੀ ਇਕ ਸਾਜ਼ਸ਼ੀ ਰੂਪ ਇਖਤਿਆਰ ਕਰ ਰਹੀ ਹੈ। ਗਵਾਂਢੀ ਮੁਲਕ ਦੇ ਵਿਰੁਧ ਇਕ War Hysteria ਉਸਾਰਕੇ ਆਪਣੀਆਂ ਨਾਲਾਇਕੀਆਂ ਅਤੇ ਦਮਨ ਦੀਆਂ ਕਾਰਵਾਈਆਂ ਉਤੇ ਪਰਦਾ ਪਾਉਣ ਦਾ ਇਹ ਕੋਝਾ ਯਤਨ ਕੀਤਾ ਜਾ ਰਿਹਾ ਹੈ।

ਕੰਪੇਨ ਕਮੇਟੀ ਨੇ ਇਕ ਸੁਨਿਹੇ ਵਿਚ ਪੰਜਾਬ ਦੇ ਲੋਕਾਂ ਨੂੰ ਖਬਰਦਾਰ ਕੀਤਾ ਹੈ ਕਿ ਉਹਨਾਂ ਦੇ ਅਮਨ ਨਾਲ ਜੀਣ ਦੇ ਹੱਕ ਉਤੇ ਸਟੇਟ ਅਤੇ ਫਿਰਕੂ ਜਨੂੰਨੀਆਂ ਵਲੋਂ ਇਕ ਵੱਡਾ ਹਮਲਾ ਕੀਤਾ ਜਾ ਰਿਹਾ ਹੈ ਤੇ ਉਹਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਹਮਲੇ ਦਾ ਮੁਕਾਬਲਾ ਕਰਨ ਲਈ ਵਡੀ ਗਿਣਤੀ ਵਿਚ ਮੈਦਾਨ ਵਿਚ ਨਿਤਰਨ। ਇਸ ਸਿਲਸਿਲੇ ਵਿਚ 25 ਨਵੰਬਰ ਅਮ੍ਰਿਤਸਰ ਵਿਖੇ ਹੋਰਨਾਂ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਕੰਪੇਨ ਕਮੇਟੀ ਵਲੋਂ ਸੂਬਾ ਪੱਧਰ ਦੀ ਵਡੀ ਕਾਨਫਰੰਸ ਕਰਨ ਦਾ ਫੈਸਲਾ ਲਿਆ ਗਿਆ ਹੈ। o

# ਆਧੁਨਿਕ (ਬੁਰਜੂਆ) ਸਟੇਟ ਦੀ ਉਤਪਤੀ ਤੇ ਮੌਜੂਦਾ ਫਿਰਕੂ ਲਹਿਰਾਂ

**ਗੁਰਬਖ਼ਸ਼ ਜੱਸ**

ਅੱਜ ਜਦੋਂ ਅਸੀਂ ਭਾਰਤ ਦੀ ਵਿਸ਼ੇਸ਼ ਕਰਕੇ ਪੰਜਾਬ ਦੀ ਮੌਜੂਦਾ ਸੰਕਟਗ੍ਰਸਤ ਫਿਰਕੂ ਸਥਿਤੀ ਵਿਚੋਂ ਗੁਜ਼ਰ ਰਹੇ ਹਾਂ—ਪਿਛਲੇ ਦੋ ਢਾਈ ਸਾਲਾਂ ਵਿਚ, ਪੰਜਾਬ ਅੰਦਰ ਫਿਰਕੂ ਘਟਨਾਵਾਂ ਏਨੀ ਤੇਜ਼ ਰਫ਼ਤਾਰ ਨਾਲ ਵਾਪਰ ਗਈਆਂ ਹਨ—ਹਿੰਦੂ ਸਿਖਾਂ ਦੇ ਸਾਂਝੇ, ਪੰਜਾਬ ਦੇ ਨਕਸ਼ ਇਵੇਂ ਵਿਗਾੜੇ ਜਾ ਚੁਕੇ ਹਨ ਕਿ, ਇਹਦਾ ਨਕਸ਼ਾ ਕੁਝ ਤੋਂ ਕੁਝ ਬਣਕੇ ਰਹਿ ਗਿਆ ਹੈ।

ਸਵਾਲ ਉਠਦਾ ਹੈ ਕਿ ਕੀ ਕਾਰਣ ਹੈ ਕਿ ਭਾਰਤ ਦੇ ਲੋਕ ਵਾਰ ਵਾਰ ਫਿਰਕਿਆਂ ਅਤੇ ਧਰਮਾਂ ਦੇ ਨਾਂ ਆਪਸ ਵਿਚ ਲੜ ਲੜਕੇ ਮਰੀ ਜਾ ਰਹੇ ਹਨ—ਕੀ ਕਾਰਨ ਹੈ ਕਿ ਦੇਸੀ ਅਤੇ ਵਿਦੇਸ਼ੀ ਤਾਕਤਾਂ ਸਾਡੇ ਲੋਕਾਂ ਦੀਆਂ ਫਿਰਕੂ ਅਤੇ ਆਪਣੀ ਉਮਰਾਂ ਨੂੰ ਲੰਬਿਆਂ ਕਰਨ ਵਿਚ ਕਾਮਯਾਬੀ ਨਾਲ ਅਗਾਂਹ ਵਧੀ ਜਾ ਰਹੀਆਂ ਹਨ ? ਫਿਰਕਾ-ਪ੍ਰਸਤੀ ਅਤੇ ਧਾਰਮਿਕ ਜਨੂੰਨ ਦੀਆਂ ਜੜ੍ਹਾਂ ਦਾ ਕਾਰਨ ਸਮਝਣ ਲਈ ਭਾਰਤ ਅਤੇ ਸੰਸਾਰ-ਇਤਿਹਾਸ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ। ਫਿਰਕੂ ਲਹਿਰਾਂ ਦਾ ਯਥਾਰਥ ਨੂੰ ਸਮਝਣ ਲਈ ਆਧੁਨਿਕ ਬੁਰਜੂਆ ਸਟੇਟ ਦੀ ਉੱਤਪਤੀ ਨੂੰ ਸਮਝਣ ਦੀ ਵੀ ਲੋੜ ਹੈ।

**ਆਧੁਨਿਕ ਬੁਰਜੂਆ ਸਟੇਟ ਦੀ ਉੱਤਪਤੀ; ਚਰਚ ਤੇ ਭਾਰਤ**—ਯੋਰਪ ਵਿਚ ਆਧੁਨਿਕ ਬੁਰਜੂਆ ਸਟੇਟ ਹੋਂਦ ਵਿਚ ਆਉਣ ਤੋਂ ਪਹਿਲਾਂ ਚਰਚ (ਧਰਮ) ਇਵੇਂ ਸਟੇਟ ਉਤੇ ਹਾਵੀ ਸੀ ਜਾਂ ਇਉਂ ਕਹਿ ਲਓ ਕਿ ਚਰਚ ਅਤੇ ਸਟੇਟ ਇਵੇਂ ਇਕ ਦੂਸਰੇ ਨਾਲ ਜੁੜੇ ਹੋਏ ਸਨ ਕਿ ਰੋਮਨ ਸਾਮਰਾਜ ਦੇ ਯੁਗ ਅੰਦਰ ਚਰਚ ਦਾ ਮੁਖੀ ਹੀ ਸਟੇਟ ਦਾ ਮੁਖੀ ਹੁੰਦਾ ਸੀ। ਪਿਛਾਖੜੀ ਜਗੀਰਦਾਰੀ ਯੁੱਗ ਅੰਦਰ ਇਹ ਅਸਲ ਵਿਚ ਮਧਕਾਲੀ ਰਾਜ ਦੀ ਸਥਿਤੀ ਸੀ ਕਿ ਧਰਮ (ਚਰਚ) ਨੂੰ ਰਾਜ ਤੋਂ ਵਖ ਕਰਕੇ ਨਹੀਂ ਸੀ ਦੇਖਿਆ ਜਾ ਸਕਦਾ। ਉਸ ਯੁਗ ਅੰਦਰ ਆਜ਼ਾਦ ਖਿਆਲੀ ਅਤੇ ਤਰਕ ਦੀ ਆਵਾਜ਼, ਧਾਰਮਿਕ ਅੰਧਵਿਸ਼ਵਾਸ ਅਤੇ ਤੁਅੱਸਬਪੁਣੇ ਦੇ ਮਾਰੂ ਪ੍ਰਭਾਵ ਹੇਠ ਬਸ ਦਬਕੇ ਰਹਿ ਗਈ ਸੀ। ਜਗੀਰਦਾਰਾਂ ਅਤੇ ਪਾਦਰੀਆਂ ਦੇ ਮਿਲਕੇ ਰਾਜ ਸੱਤਾ ਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਮੁਢਲੇ ਮਨੁਖੀ ਹੱਕਾਂ ਦੀ ਆਵਾਜ਼ ਨੂੰ ਹਮੇਸ਼ਾ ਅਣਸੁਣਿਆ ਕਰ ਦਿਤਾ ਜਾਂਦਾ ਸੀ। ਇਵੇਂ ਜਦੋਂ ਅਸੀਂ ਮਧਕਾਲੀ ਰਾਜ ਦੀ ਅਵਸਥਾ ਦਾ ਅਧੁਨਿਕ ਰਾਜ ਦੀ ਅਵਸਥਾ ਨਾਲ ਟਾਕਰਾ ਕਰਦੇ ਹਾਂ ਤਾਂ ਮਧਕਾਲੀ ਰਾਜ ਸਾਨੂੰ ਜ਼ਹਾਲਤ ਦਾ ਦੌਰ ਲਗਦਾ ਹੈ। ਇਥੇ ਇਕ ਗਲ ਤਾਂ ਬੜੀ ਸਾਫ਼ ਹੈ ਕਿ ਮੌਜੂਦਾ ਬੁਰਜੂਆ ਸਟੇਟ ਚਰਚ (ਧਰਮ) ਦੀ ਹੈਸੀਅਤ ਨੂੰ ਤਬਾਹ ਕਰਕੇ ਹੀ ਹੋਂਦ ਵਿਚ ਆਈ ਸੀ। ਚਰਚ (ਧਰਮ) ਅਤੇ ਸਟੇਟ ਦੇ ਵਖਰੇ ਹੋਣ ਦੀ ਪ੍ਰਕਿਰਿਆ ਵਿਚ ਇਹਨਾਂ ਦੇ ਆਪਸੀ ਸੰਘਰਸ਼ ਦਾ ਲੰਬਾ ਇਤਿਹਾਸ ਸਾਡੇ ਸਾਰਿਆਂ ਦੇ ਸਾਹਮਣੇ ਹੈ। ਕੁਝ ਇਤਿਹਾਸਕ ਅਤੇ ਸਿਆਸੀ ਕਾਰਨਾਂ ਕਰਕੇ ਭਾਰਤ ਦੇ ਇਤਿਹਾਸ ਵਿਚ ਕਦੇ ਵੀ ਅਜੇਹੀ ਬੁਨਿਆਦੀ ਸਮਾਜਕ ਕ੍ਰਾਂਤੀ ਨਹੀਂ ਆਈ ਜਿਸ ਨੇ ਚਰਚ (ਧਰਮ) ਨੂੰ ਮੁਢੋਂ ਸੁਢੋਂ ਤਬਾਹ ਕਰਕੇ ਬੁਰਜੂਆ ਸਟੇਟ ਸਥਾਪਤ ਕਰਕੇ ਬੁਰਜੂਆ ਸਮਾਜਕ ਪ੍ਰਬੰਧ ਨੂੰ ਹੋਂਦ ਵਿਚ ਲਿਆਂਦਾ ਹੋਵੇ। 185 ਈਸਵੀਂ ਦਾ ਭਾਰਤੀ ਰਜਵਾੜਾਸ਼ਾਹੀ ਦਾ ਬਰਤਾਨਵੀ ਸਾਮਰਾਜ ਵਿਰੁਧ ਵਿਦਰੋਹ ਵੀ—ਦੋ ਜੀਵਨ ਢੰਗਾਂ ਜਾਂ ਵਿਚਾਰ ਪ੍ਰਬੰਧਾਂ ਦਾ ਸੰਗ੍ਰਾਮ ਨਹੀਂ ਸੀ, ਇਹ ਰੂੜ੍ਹੀਵਾਦੀ ਜਗੀਰੂ ਤੱਤਾਂ ਦਾ ਵਿਕਾਸਸ਼ੀਲ ਪੂੰਜੀਵਾਦ ਨਾਲ ਸੰਘਰਸ਼ ਸੀ। ਇਸ ਸੰਘਰਸ਼ ਦੀ ਸ਼ੁਰੂਆਤ ਬਰਤਾਨਵੀ ਸਾਮਰਾਜ ਅਤੇ ਭਾਰਤੀ ਰਜਵਾੜਾਸ਼ਾਹੀ ਦੇ ਆਪਣੇ ਸੁਆਰਥਾਂ ਦੇ ਟਕਰਾਅ ਨਾਲ ਹੋਈ ਸੀ ਅਤੇ ਇਹਦਾ ਅੰਤ ਸਾਮੰਤਵਾਦ ਦੀ ਹਾਰ ਤੇ ਹੋਇਆ। ਪੁਰਾਣੇ ਸਮਾਜਕ ਪ੍ਰਬੰਧ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਸੀ ਆ ਸਕੀ ਕਿਉਂਕਿ ਇਸ ਸੰਘਰਸ਼ ਵਿਚ ਭਾਰਤ ਦਾ ਵਿਸ਼ਾਲ ਆਵਾਮ ਕ੍ਰਿਆਸ਼ੀਲ ਰੂਪ ਵਿਚ ਸ਼ਾਮਲ ਨਹੀਂ ਸੀ। ਇਥੇ ਅਸੀਂ ਯੂਰਪ ਦੇ ਮੱਧਕਾਲੀ ਸਮਾਜ ਦਾ ਲੇਖਾ-ਜੋਖਾ ਕਰੀਏ ਜਿਥੇ ਚਰਚ ਅਤੇ ਸਟੇਟ ਵਿਚਕਾਰ ਪ੍ਰਭੂਸੱਤਾ ਲਈ ਆਪਸੀ ਲੰਬਾ ਸੰਘਰਸ਼ ਚਲਿਆ ਅਤੇ ਸਿੱਟਾ ਸਟੇਟ ਦੀ ਸੱਤਾ ਸਥਾਪਤ ਹੋਣ ਅਤੇ ਚਰਚ ਦੀ ਹਾਰ ਵਿਚ ਨਿਕਲਿਆ। ਭਾਰਤ ਦੇ ਇਤਿਹਾਸ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਥੇ ਕਦੇ ਵੀ ਅਜੇਹੀ ਸਮਾਜਕ ਕ੍ਰਾਂਤੀ ਜਾਂ ਧਾਰਮਕ ਸੁਧਾਰਵਾਦੀ ਲਹਿਰ ਨਹੀਂ ਉਭਰੀ ਜਿਸਨੇ ਬੁਨਿਆਦੀ ਰੂਪ ਵਿਚ ਚਰਚ ਨੂੰ ਚੁਨੌਤੀ ਦੇ ਕੇ ਸਟੇਟ ਦੀ ਪ੍ਰਭੂਸੱਤਾ ਕਾਇਮ ਕਰ ਦਿਤੀ ਹੋਵੇ। ਭਾਰਤ ਦੀਆਂ ਧਾਰਮਿਕ, ਸੁਧਾਰਵਾਦੀ ਲਹਿਰਾਂ ਦੇ ਇਤਿਹਾਸ ਅੰਦਰ ਸੰਤ ਲਹਿਰ ਅਤੇ ਭਗਤੀ ਲਹਿਰ ਦਾ ਸਟੇਟ ਨਾਲ ਕਦੇ ਵੀ ਸਿਧਾ ਟਕਰਾਅ ਨਹੀਂ ਹੋਇਆ ਜਿਵੇਂ ਕਿ ਮਧਕਾਲੀ ਯੂਰਪ

ਵਿਚ ਮਹਾਨ ਧਰਮ ਸੁਧਾਰਕ ਮਾਰਟਿਨ ਲੂਥਰ ਪੋਪ ਨੇ ਵਿਰੁਧ ਪਰੋਟੈਸਟੈਂਟਵਾਦ ਦੀ ਲਹਿਰ ਉਸਾਰ ਕੇ ਕੱਟੜਪੰਥੀ ਰੋਮਨ ਕੈਥੋਲਿਕ ਚਰਚ ਨੂੰ ਇਕ ਵੱਡੀ ਹਾਰ ਦਿੱਤੀ ਸੀ, ਜੋ ਕਿ ਉਸ ਯੁਗ ਦੀ ਇਕ ਮਹਾਨ ਇਤਿਹਾਸਕ ਪ੍ਰਾਪਤੀ ਸੀ। ਅਸਲ ਵਿਚ ਇਹ ਉਹ ਸਮਾਂ ਸੀ ਜਦੋਂ ਚਰਚ (ਧਰਮ) ਦੀ ਸੱਤਾ ਨੂੰ ਬੁਨਿਆਦੀ ਰੂਪ ਵਿਚ ਹਾਰ ਹੋਈ ਅਤੇ ਆਧੁਨਿਕ ਬੁਰਜੂਆ ਸਟੇਟ ਦੀ ਨੀਂਹ ਰੱਖੀ ਗਈ ਸੀ। ਬੁਰਜੂਆ ਸਟੇਟ ਅੰਦਰ ਬੁਰਜੂਆਜ਼ੀ ਨੇ ਆਪਣੇ ਕਾਇਦੇ ਕਾਨੂੰਨ ਕਾਇਮ ਕੀਤੇ ਜੋ ਕਿ ਨਿਸਚੇ ਹੀ ਜਗੀਰੂ ਪ੍ਰਥਾ ਤੋਂ ਅਗਾਂਹਵਧੂ ਸਨ। ਫਰਾਂਸ ਦੇ ਬੁਰਜੂਆ ਇਨਕਲਾਬ ਨੇ ਇਸ ਪ੍ਰੰਪਰਾ ਨੂੰ ਹੋਰ ਵੀ ਪੱਕਿਆਂ ਕੀਤਾ। ਚਰਚ ਦੇ ਕਾਇਦੇ ਕਾਨੂੰਨ ਅਤੇ ਵਿਧਾਨ, ਜਿਹਦੇ ਅਨੁਸਾਰ ਮਧਕਾਲੀ ਰਾਜ ਦਾ ਪ੍ਰਬੰਧ ਚੱਲ ਰਿਹਾ ਸੀ, ਇਕ ਵੱਡੇ ਝਟਕੇ ਨਾਲ ਖਤਮ ਹੋ ਗਿਆ। ਇਤਿਹਾਸ ਦੇ ਅਗਲੇ ਪੜਾਅ ਤੇ ਯੂਰਪ ਵਿਚ ਫਰਾਂਸ ਦੇ ਇਨਕਲਾਬ ਅਤੇ ਇੰਗਲੈਂਡ ਤੇ ਜਰਮਨ ਆਦਿ ਦੇਸ਼ਾਂ ਦੇ ਸਨਅਤੀ ਇਨਕਲਾਬਾਂ ਨੇ ਜਗੀਰੂ ਸਮਾਜਕ ਪ੍ਰਬੰਧ ਅਤੇ ਸੋਚਣ ਢੰਗ ਨੂੰ ਇਕ ਹੋਰ ਵੱਡੀ ਢਾਅ ਲਾਈ ਅਤੇ ਆਧੁਨਿਕ ਬੁਰਜੂਆ ਜਮਹੂਰੀਅਤ ਲਈ ਰਾਹ ਸਾਫ ਕੀਤਾ। ਪਰ ਭਾਰਤ ਸਮਾਜਕ ਵਿਕਾਸ ਦੀ ਅਜੇਹੀ ਪ੍ਰਕਿਰਿਆ ਵਿਚੋਂ ਕਦੇ ਨਹੀਂ ਗੁਜ਼ਰਿਆ। ਬੁਰਜੂਆ ਸਟੇਟ ਪੈਦਾ ਹੋਣ ਦੀ ਜੋ ਇਕ ਵੱਡੀ ਪ੍ਰਾਪਤੀ ਇਹ ਸੀ ਕਿ ਅਜੇਹੀ ਸਟੇਟ ਨੇ ਇਕ ਲਿਖਤੀ ਜਾਂ ਅਲਿਖਤੀ ਵਿਧਾਨ ਰਾਹੀਂ ਇਹ ਮੰਨ ਲਿਆ ਸੀ ਕਿ ਆਵਾਮ (ਜਨ ਸਾਧਾਰਣ) ਦੇ ਜੀਊਣ ਦੇ ਕੁਝ ਘਟੋ ਘੱਟ ਮੂਲ ਅਧਿਕਾਰ ਵੀ ਹਨ ਜਿਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਆਓ ਯੂਰਪ ਵਿਚ ਚਰਚ ਅਤੇ ਸਟੇਟ ਦੇ ਆਪਸੀ ਸਬੰਧਾਂ ਅਤੇ ਵਖਰਿਆਂ ਹੋਣ ਦੇ ਸੰਘਰਸ਼ ਦੇ ਇਤਿਹਾਸ ਤੇ ਸੰਖੇਪ ਝਾਤ ਮਾਰੀਏ ਅਤੇ ਉਨ੍ਹਾਂ ਧਾਰਮਕ ਸੁਧਾਰਵਾਦੀ ਲਹਿਰਾਂ ਦਾ ਵੀ ਲੇਖਾ ਜੋਖਾ ਕਰੀਏ ਜਿਨ੍ਹਾਂ ਨੇ ਚਰਚ ਅਤੇ ਸਟੇਟ ਨੂੰ ਵਖਰਿਆਂ ਕਰਨ ਵਿਚ ਮਹਾਨ ਰੋਲ ਅਦਾ ਕੀਤਾ।

## ਚਰਚ ਤੇ ਰਾਜ ਅਤੇ ਧਾਰਮਿਕ ਸੁਧਾਰਵਾਦੀ ਲਹਿਰਾਂ

ਮਧਕਾਲੀ ਯੂਰਪ ਦੇ ਇਤਿਹਾਸ ਦਾ ਇਕ ਅਹਿਮ ਪੱਖ ਹੈ। ਚਰਚ ਅਤੇ ਰਾਜ ਦੇ ਆਪਸੀ ਸਬੰਧ। ਰੋਮਨ ਸਾਮਰਾਜ ਦੇ 410 ਈਸਵੀ ਵਿਚ ਪਤਨ ਹੋ ਜਾਣ ਪਿਛੋਂ ਸਾਰੇ ਯੂਰਪ ਵਿਚ ਅਰਾਜਕਤਾ ਫੈਲ ਗਈ। ਇਸ ਅਰਾਜਕਤਾ ਵਿਚੋਂ ਹੌਲੀ ਹੌਲੀ ਦੋ ਸ਼ਕਤੀਸ਼ਾਲੀ ਸੰਸਥਾਵਾਂ ਉਭਰ ਕੇ ਸਾਹਮਣੇ ਆਈਆਂ। ਇਕ ਦਾ ਨਾਂ ਪੈਪੇਸੀ (Papacy) ਸੀ ਅਤੇ ਦੂਜੀ ਦਾ ਹੋਲੀ ਰੋਮਨ ਐਮਪਾਇਰ (Holy Roman Empire)। ਪਹਿਲੀ ਸੰਸਥਾ ਦਾ ਕੇਂਦਰ ਇਟਲੀ ਵਿਚ ਰੋਮ ਸੀ ਅਤੇ ਦੂਸਰੇ ਦੀ ਰਾਜਧਾਨੀ ਜਰਮਨੀ ਵਿਚ ਸੀ। ਪੈਪੇਸੀ ਦਾ ਵਿਕਾਸ ਪਹਿਲਾਂ ਹੀ ਅਰੰਭ ਹੋ ਗਿਆ ਸੀ। ਸ਼ੁਰੂ ਵਿਚ ਹੋਰ ਅਸਥਾਨਾਂ ਵਾਂਗ ਰੋਮ ਵਿਚ ਵੀ ਇਕ ਬਿਸ਼ਪ ਹੀ ਹੁੰਦਾ ਸੀ ਅਤੇ ਉਸਦੀ ਪਦਵੀ ਦੂਜੇ ਬਿਸ਼ਪਾਂ ਨਾਲੋਂ ਉਚੇਰੀ ਨਹੀਂ ਸੀ। ਪਰ ਸਮੇਂ ਦੇ ਗੁਜ਼ਰਨ ਨਾਲ ਕਈ ਕਾਰਨਾਂ ਕਰਕੇ ਰੋਮ ਦੇ ਬਿਸ਼ਪ ਦਾ ਦਰਜਾ ਬਾਕੀਆਂ ਨਾਲੋਂ ਉਚਾ ਮੰਨਿਆ ਜਾਣ ਲੱਗ ਪਿਆ ਅਤੇ ਇਸ ਫਰਕ ਨੂੰ ਪ੍ਰਗਟਾਉਣ ਲਈ ਪਦਵੀ ਦਾ ਨਾਂ ਬਿਸ਼ਪ ਤੋਂ ਬਦਲ ਕੇ ਪੋਪ (Pope) ਰੱਖ ਦਿੱਤਾ ਗਿਆ। ਇਹਦੇ ਨਾਲ ਇਹ ਵੀ ਮੰਨ ਲਿਆ ਗਿਆ ਕਿ ਪਛਮੀ ਯੂਰਪ ਦੇ ਸਾਰੇ ਦੇਸ਼ਾਂ ਦੇ ਗਿਰਜਾ ਘਰਾਂ ਦਾ ਪ੍ਰਮੁੱਖ ਪੋਪ ਹੀ ਹੋਵੇਗਾ।

ਰਾਜਸੀ ਖੇਤਰ ਵਿਚ ਫਰਾਂਸ ਦੀ ਫਰੈਂਕ ਜਾਤੀ ਤੇ ਚਾਰਲਸ ਮਾਰਟਲ, ਪੀਪਨ ਤੇ ਸ਼ਾਰਲੀਮੈਗਨੇ ਰਾਜਿਆਂ ਨੇ ਗਵਾਂਢੀ ਰਜਵਾੜਿਆਂ ਨੂੰ ਜਿਤ ਕੇ ਇਕ ਵਿਸ਼ਾਲ ਤੇ ਸ਼ਕਤੀਸ਼ਾਲੀ ਸਾਮਰਾਜ ਦੀ ਨੀਂਹ ਰੱਖੀ। ਇਨ੍ਹਾਂ ਵਿਚ ਸ਼ਾਰਲੀਮੈਗਨੇ ਦਾ ਕੰਮ ਸਭ ਤੋਂ ਜ਼ਿਆਦਾ ਸੀ। ਆਪਣੇ ਰਾਜ ਨੂੰ ਦ੍ਰਿੜ੍ਹ ਕਰਨ ਲਈ ਉਹ ਆਪਣੇ ਮੁਲਕ ਦੇ ਸਾਰੇ ਗਿਰਜਾ ਅਧਿਕਾਰੀਆਂ ਦੀ ਸਹਾਇਤਾ ਲੈਣੀ ਚਹੁੰਦਾ ਸੀ। ਇਸ ਲਈ ਉਸਨੇ ਰੋਮ ਦੇ ਪੋਪ ਨਾਲ ਮਿਤਰਤਾ ਗੰਢੀ। ਪੋਪ ਨੂੰ ਵੀ ਬੜੀ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹਨੇ ਇਸ ਮੌਕੇ ਨੂੰ ਤਾੜ ਕੇ ਫਰਾਂਸ ਦੇ ਸਮਰਾਟ ਨੂੰ ਥਾਪਨਾ ਦਿਤੀ। ਭਾਵੇਂ ਸ਼ਾਰਲੀ-ਮੈਗਨੇ ਦੀ ਮੌਤ ਤੋਂ ਪਿਛੋਂ ਉਸਦਾ ਸਾਮਰਾਜ ਕਈ ਭਾਗਾਂ ਵਿਚ ਵੰਡਿਆ ਗਿਆ ਪਰ ਰਾਜ ਤੇ ਚਰਚ (ਧਰਮ) ਦੇ ਮਿਤ੍ਰਤਾ ਭਰੇ ਸਬੰਧ ਚਾਲੂ ਰਹੇ। ਕਾਫੀ ਸਮਾਂ ਪਿਛੋਂ ਜਰਮਨੀ ਦੇ ਇਕ ਸ਼ਾਸਕ ਆਟੋ ਮਹਾਨ ਨੇ ਮੁੜ ਰਾਜਸੀ ਏਕਤਾ ਪੈਦਾ ਕੀਤੀ ਅਤੇ ਫੇਰ ਤੋਂ ਇਕ ਵਿਸ਼ਾਲ ਸਾਮਰਾਜ ਦੀ ਨੀਂਹ ਰਖੀ ਜਿਸਦਾ ਨਾਂ ਮਗਰੋਂ ਹੋਲੀ ਰੋਮਨ (ਪਵਿਤਰ ਰੋਮਨ) ਐਮਪਾਇਰ ਪਿਆ। ਉਸਨੇ ਚਰਚ ਨਾਲ ਸਬੰਧਾਂ ਨੂੰ ਪੱਕਿਆਂ ਕਰਨ ਲਈ ਸੰਨ 962 ਵਿਚ ਆਪਣੀ ਤਾਜਪੋਸ਼ੀ ਵੀ ਪੋਪ ਕੋਲੋਂ ਕਰਵਾਈ। ਇਹਦਾ ਸਾਮਰਾਜ ਤੇ ਚਰਚ ਦੋਨਾਂ ਨੂੰ ਬੜਾ ਲਾਭ ਹੋਇਆ। ਪੋਪ ਦੀ ਸਦਭਾਵਨਾ ਪ੍ਰਾਪਤ ਹੋ ਜਾਣ ਨਾਲ ਚਰਚ ਦੀ ਸਮੁਚੀ ਸੰਸਥਾ ਦੀ ਸਹਾਇਤਾ ਰਾਜ ਨੂੰ ਮਿਲ ਗਈ। ਉਸ ਜ਼ਮਾਨੇ ਵਿਚ ਚਰਚ ਦਾ ਲੋਕਾਂ ਦੇ ਮਨਾਂ ਉਪਰ ਬਹੁਤ ਜ਼ਿਆਦਾ ਪ੍ਰਭਾਵ ਸੀ। ਇਸ ਲਈ ਚਰਚ ਦੇ ਸਾਰੇ ਅਧਿਕਾਰੀਆਂ ਦੀ ਹਮਾਇਤ ਪ੍ਰਾਪਤ ਹੋ ਜਾਣਾ ਰਾਜ ਲਈ ਇਕ ਵਡੀ ਖੁਸ਼ਕਿਸਮਤੀ ਸੀ। ਚਰਚ ਨੂੰ ਇਸ ਨਾਲੋਂ ਵੀ ਜ਼ਿਆਦਾ ਲਾਭ ਪਹੁੰਚਾ। ਬਾਦਸ਼ਾਹ, ਸਰਕਾਰੀ ਅਫ਼ਸਰਾਂ ਤੇ ਵਡੇ ਵਡੇ ਭੂਮੀਪਤੀਆਂ ਨੇ ਗਿਰਜਿਆਂ ਦੇ ਨਾਂ ਜ਼ਮੀਨਾਂ ਲਗਵਾ-ਉਣੀਆਂ ਸ਼ੁਰੂ ਕਰ ਦਿਤੀਆਂ ਜਿਸ ਕਾਰਨ ਚਰਚ ਦੀ

ਆਮਦਨੀ ਵਿਚ ਕਈ ਗੁਣਾਂ ਵਾਧਾ ਹੋ ਗਿਆ। ਦੇਸ਼ ਦੇ ਸਾਰੇ ਗਿਰਜਾ ਅਧਿਕਾਰੀ ਹਰ ਪਖੋਂ ਪੋਪ ਦੇ ਅਧੀਨ ਮੰਨੇ ਗਏ। ਬਾਦਸ਼ਾਹ ਦਾ ਉਨ੍ਹਾਂ ਉਤੇ ਕੋਈ ਅਧਿਕਾਰ ਨਹੀਂ ਸੀ। ਉਨ੍ਹਾਂ ਨਾਲ ਸਬੰਧਤ ਸਾਰੇ ਝਗੜੇ ਵਿਸ਼ੇਸ਼ ਗਿਰਜਾ ਅਦਾਲਤਾਂ ਦੁਆਰਾਂ ਨਿਪਟਾਏ ਜਾਂਦੇ ਹਨ । ਇਨ੍ਹਾਂ ਅਦਾਲਤਾਂ ਦਾ ਵਖਰਾ ਹੀ ਕਨੂੰਨ ਸੀ—ਇਸ ਤਰ੍ਹਾਂ ਹਰ ਮੁਲਕ ਵਿਚ ਪੋਪ ਦੀ ਇਕ ਆਪਣੀ ਆਜ਼ਾਦ ਹਕੂਮਤ ਸੀ।

ਆਟੋ ਸਹਾਨ ਦੀ ਤਾਜਪੋਸ਼ੀ ਤੋਂ ਪਿਛੋਂ ਲਗਭਗ ਸੌ ਸਾਲ ਤਕ ਚਰਚ ਤੇ ਰਾਜ ਦੇ ਸਬੰਧ ਸੁਖਾਵੇਂ ਬਣੇ ਰਹੇ, ਪਰ ਉਸ ਤੋਂ ਬਾਅਦ ਕੁਝ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ । ਜਦੋਂ ਪੋਪ ਗ੍ਰੈਗਰੀ ਸਤਵੇਂ (Gregory VII, 1073–1085) ਨੇ ਇਹ ਦਾਅਵਾ ਕੀਤਾ ਕਿ ਪੋਪ ਦਾ ਦਰਜਾ ਸਮਰਾਟ ਤੇ ਉਸਦੇ ਅਧੀਨ ਰਾਜਿਆਂ ਨਾਲੋਂ ਵਡਾ ਹੈ ਅਤੇ ਉਹ ਜਦੋਂ ਤੇ ਜਿਸਨੂੰ ਚਾਹੇ ਤਖਤ ਤੋਂ ਉਤਾਰ ਸਕਦਾ ਹੈ, ਬਸ ਫੇਰ ਕੀ ਰਾਜ ਤੇ ਚਰਚ ਵਿਚਕਾਰ ਸੰਘਰਸ਼ ਸ਼ੁਰੂ ਹੋ ਗਿਆ। ਫਰਾਂਸ ਦੇ ਰਾਜੇ ਹੈਨਰੀ ਚੌਥੇ ਨੇ ਪੋਪ ਦੇ ਇਸ ਦਾਅਵੇ ਨੂੰ ਵੰਗਾਰਿਆ। ਪੋਪ ਨੇ ਉਸਨੂੰ ਈਸਾਈ ਬਰਾਦਰੀ ਵਿਚੋਂ ਕਢ ਦਿਤਾ ਅਤੇ ਇਸ ਦੇ ਜਵਾਬ ਵਿਚ ਹੈਨਰੀ ਨੇ ਕੌਂਸਲ ਦੁਆਰਾ ਪੋਪ ਨੂੰ ਗੱਦੀ ਤੋਂ ਉਤਾਰ ਦਿਤਾ। ਇਹ ਝਗੜੇ ਦਾ ਆਰੰਭ ਸੀ। ਤੇਰਵੀਂ ਚੌਧਵੀਂ ਸਦੀ ਤੋਂ ਮਗਰੋਂ ਇਹ ਸਬੰਧ ਹੋਰ ਵੀ ਵਿਗੜ ਗਏ।

ਮੁਢਲੇ ਪੜਾਅ ਤੇ ਸੰਘਰਸ਼ ਦਾ ਕਾਰਣ ਸੀ ਕਿ ਦੋਨਾਂ ਵਿਚੋਂ ਵਡਾ ਕੌਣ ਹੈ, ਪੋਪ ਕਿ ਸਮਰਾਟ, ਦੋਵੇਂ ਪਖ ਆਪਣੇ ਆਪਣੇ ਹਕ ਵਿਚ ਕਈ ਦਲੀਲਾਂ ਦਿੰਦੇ ਰਹੇ, ਪਰ ਝਗੜਾ ਤਾਕਤ (ਸੱਤਾ) ਦਾ ਸੀ, ਦਲੀਲਾਂ ਨਾਲ ਫੈਸਲਾ ਕਿਵੇਂ ਹੋ ਸਕਦਾ ਸੀ ? ਝਗੜੇ ਦਾ ਨਿਬੇੜਾ ਵੀ ਅਜੀਬ ਢੰਗ ਨਾਲ ਹੋਇਆ। ਇਹ ਨਿਬੇੜਾ ਨਾ ਤਾਂ ਹੋਲੀ ਰੋਮਨ ਸਾਮਰਾਜ ਦੇ ਹੱਕ ਵਿਚ ਸੀ ਅਤੇ ਨਾ ਹੀ ਪੋਪਾਂ ਦੇ ਹੱਕ ਵਿਚ। ਇਨ੍ਹਾਂ ਦੋਨਾਂ ਨੂੰ ਇਕ ਤੀਸਰੀ ਸ਼ਕਤੀ ਨੇ ਪਛਾੜ ਦਿਤਾ। ਇਹ ਤਾਕਤ ਸੀ ਨਵੇਂ ਉਭਰੇ ਰਾਜ। ਇਨ੍ਹਾਂ ਰਾਜਾਂ ਵਿਚ ਕੌਮੀ ਭਾਵਨਾ ਦਾ ਜ਼ੋਰ ਸੀ। ਇਹ ਕਿਸੇ ਬਾਹਰਲੇ ਦਬਾਅ ਨੂੰ ਨਹੀਂ ਸਹਾਰ ਸਕਦੇ ਸਨ। ਉਭ ਹੋਲੀ ਰੋਮਨ ਸਾਮਰਾਜ ਨਾਲੋਂ ਪੋਪੇਸੀ ਨੂੰ ਵਡੇਰਾ ਦੁਸ਼ਮਣ ਸਮਝਦੇ ਸਨ ਕਿਉਂਕਿ ਪੋਪ ਆਪਣੇ ਗਿਰਜਾ ਅਧਿਕਾਰੀਆਂ ਦੁਆਰਾ ਇਨ੍ਹਾਂ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦਿੰਦੇ ਰਹਿੰਦੇ ਸਨ। ਇਸ ਲਈ ਇਨ੍ਹਾਂ ਵਿਚੋਂ ਕਈ ਮੁਲਕ ਪੋਪ ਦਾ ਅਧਿਕਾਰ ਖਤਮ ਕਰਕੇ ਉਥੇ ਰਾਸ਼ਟਰੀ ਚਰਚ ਸਥਾਪਤ ਕਰਨਾ ਚਹੁੰਦੇ ਸਨ। ਇਸ ਕੰਮ ਵਿਚ ਉਨ੍ਹਾਂ ਦੀ ਇਕ ਗੱਲ ਨੇ ਬੜੀ ਸਹਾਇਤਾ ਕੀਤੀ। ਪੋਪਾਂ ਦਾ ਤੇ ਚਰਚ ਵਿਚ ਕੰਮ ਕਰਨ ਵਾਲੇ ਪਾਦਰੀਆਂ ਦੇ ਜੀਵਨ ਵਿਚ ਬਹੁਤ ਗਿਰਾਵਟ ਅਤੇ ਭ੍ਰਿਸ਼ਟਤਾ ਆ ਚੁਕੀ ਸੀ ਅਤੇ ਇਸੇ ਕਰਕੇ ਉਹ ਬਹੁਤ ਬਦਨਾਮ ਹੋ ਚੁਕੇ ਸਨ। ਲੋਕਾਂ ਦੇ ਮਨਾਂ ਵਿਚ ਉਹਨਾਂ ਪ੍ਰਤੀ ਉਹ ਸਤਿਕਾਰ ਨਹੀਂ ਸੀ ਰਹਿ ਗਿਆ ਜੋ ਕਦੇ ਹੁੰਦਾ ਸੀ। ਵਾਈ ਕਲਿਫ ਤੇ ਜਹਾਨ ਹੱਸ ਵਰਗੇ ਕਈ ਸੁਧਾਰਕਾਂ ਨੇ ਇਨ੍ਹਾਂ ਬੁਰਾਈਆਂ ਦੇ ਵਿਰੁਧ ਆਵਾਜ਼ ਉਠਾਈ, ਜਿਸ ਨਾਲ ਪੋਪ ਦੀ ਪੋਜ਼ੀਸ਼ਨ ਹੋਰ ਵੀ ਕਮਜ਼ੋਰ ਹੋ ਗਈ। ਫੇਰ ਜਰਮਨੀ ਦੇ ਇਕ ਪ੍ਰੋਫੈਸਰ ਮਾਰਟਨ ਲੂਥਰ ਦੀ ਪੋਪ ਦੇ ਵਿਰੁਧ ਖੁਲ੍ਹਮ ਖੁਲ੍ਹੀ ਬਗ਼ਾਵਤ ਹੋਈ। ਇਸ ਬਗਾਵਤ ਨੇ ਇਕ ਲੋਕ ਲਹਿਰ ਦਾ ਰੂਪ ਧਾਰਨ ਕਰ ਲਿਆ ਜਿਸਨੂੰ ਪ੍ਰੋਟੈਸਟੈਂਟ ਮੂਵਮੈਂਟ (Prostestant Movement) ਕਿਹਾ ਜਾਂਦਾ ਹੈ। ਜਿਹੜੇ ਜਿਹੜੇ ਦੇਸ਼ ਵਿਚ ਇਹਦਾ ਪ੍ਰਸਾਰ ਹੋਇਆ ਉਥੋਂ ਉਥੋਂ ਪੋਪ ਦਾ ਅਸਰ ਰਸੂਖ ਖਤਮ ਹੁੰਦਾ ਗਿਆ।

ਇਸ ਤੋਂ ਬਾਅਦ ਯੂਰਪ ਵਿਚ ਪੁਨਰ ਜਾਗ੍ਰਤੀ ਦੀ ਲਹਿਰ ਰਾਹੀਂ ਲੋਕਾਂ ਵਿਚ ਲਗਾਤਾਰ ਨਵੇਂ ਗਿਆਨ ਦੀ ਰੋਸ਼ਨੀ ਪ੍ਰਗਟ ਹੋਈ। ਪੁਨਰ ਜਾਗ੍ਰਤੀ ਯੁਗ ਵਿਚ ਮਨੁੱਖ ਨੇ ਉਨਤੀ ਦੀਆਂ ਨਵੀਆਂ ਸਿਖਰਾਂ ਨੂੰ ਛੂਹਿਆ। ਇਹਦੇ ਨਾਲ ਉਸ ਵਿਚ ਸਵੈ ਭਰੋਸਾ ਜਾਗਿਆ। ਧਰਮ ਦੀਆਂ ਸੁਧਾਰਵਾਦੀ ਲਹਿਰਾਂ ਨੇ ਵੀ ਮਨੁੱਖ ਅਤੇ ਸਮਾਜ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਸੀ। ਇਸ ਲਹਿਰ ਦੀ ਉਤਪਤੀ ਤੋਂ ਪਹਿਲਾਂ ਇਤਿਹਾਸ, ਫਿਲਾਸਫੀ ਅਤੇ ਨੀਤੀ ਸ਼ਾਸਤਰ ਆਦਿ ਗਿਆਨ ਦੀਆਂ ਸ਼ਾਖਾਵਾਂ ਨੂੰ ਈਸਾਈ ਮਤ ਦੇ ਅਸੂਲਾਂ ਅਨੁਸਾਰ ਰਹਿਣਾ ਪੈਂਦਾ ਸੀ। ਚਰਚ ਦੀ ਅਜੇਹੀ ਸ਼ਕਤੀ (ਸੱਤਾ) ਦੇ ਬਾਵਜੂਦ ਇੰਗਲੈਂਡ ਦੇ ਰੋਜਰ ਬੇਕਨ ਅਤੇ ਫਰਾਂਸ ਦੇ ਪੀਟਰ ਅਬੇਲਾਰਡ ਆਦਿ ਵਿਦਵਾਨਾਂ ਨੇ ਵਿਗਿਆਨਕ ਛਾਣ ਬੀਣ ਦੀ ਭਾਵਨਾ ਨਾਲ ਸੋਚਣ ਦੀ ਹਿੰਮਤ ਕੀਤੀ ਅਤੇ ਇਸ ਤਰ੍ਹਾਂ ਵਿਚਾਰਾਂ ਦੀ ਸੁਤੰਤਰਤਾ ਅਤੇ ਬੌਧਿਕ ਉਤਸੁਕਤਾ ਨੇ ਲੋਕਾਂ ਦੇ ਦ੍ਰਿਸ਼ਟੀਕੋਣ ਅਤੇ ਆਦਰਸ਼ਾਂ ਵਿਚ ਤਬਦੀਲੀ ਲਿਆਂਦੀ। ਪੁਨਰ ਜਾਗ੍ਰਤੀ ਦੀ ਲਹਿਰ ਨੇ ਹੌਲੀ ਹੌਲੀ ਮਧਕਾਲੀਨ ਯੁਗ ਦਾ ਅੰਤ ਅਤੇ ਆਧੁਨਿਕ ਯੁਗ ਦਾ ਆਰੰਭ ਕਰ ਦਿੱਤਾ। ਇਹ ਲਹਿਰ ਸਭ ਤੋਂ ਪਹਿਲਾਂ ਇਟਲੀ ਵਿਚ ਆਈ ਤੇ ਬਾਅਦ ਵਿਚ ਹੌਲੀ ਹੌਲੀ ਹੋਰ ਯੂਰਪੀ ਦੇਸ਼ਾਂ ਵਿਚ ਫੈਲੀ। ਯੂਰਪੀਨ ਲੋਕਾਂ ਨੇ ਬਹੁਤ ਸਾਰੇ ਯੂਨਾਨੀ ਦ੍ਰਿਸ਼ਟੀਕੋਣਾਂ ਨੂੰ ਅਪਣਾ ਲਿਆ। ਉਨ੍ਹਾਂ ਨੇ ਇਸ ਜੱਗ ਨੂੰ ਝੂਠਾ ਅਤੇ ਜੀਵਨ ਨੂੰ ਸੁਪਨਾ ਸਮਝਣਾ ਛੱਡ ਦਿੱਤਾ। ਅਧਿਅਨ ਦਾ ਮੁਖ ਵਿਸ਼ਾ ਹੁਣ ਈਸ਼ਵਰ ਦੀ ਥਾਂ ਮਾਨਵ ਹੋ ਗਿਆ। ਮਧ ਯੁਗ ਵਿਚ ਚਰਚ ਦੀ ਕੱਟੜਤਾ ਨੇ ਮਨੁਖ ਦੇ ਵਿਚਾਰਾਂ ਨੂੰ ਜ਼ੰਜੀਰਾਂ ਨਾਲ ਬੰਨ ਰੱਖਿਆ ਸੀ। ਇਸ ਲਹਿਰ ਦੇ

ਆਉਣ ਨਾਲ ਮਨੁਖ ਦੇ ਵਿਚਾਰਾਂ ਨੂੰ ਸੁਤੰਤਰਤਾ ਮਿਲੀ। ਉਹ ਕਿਸੇ ਬਾਹਰਲੀ ਜਾਂ ਅਲੌਕਿਕ ਸ਼ਕਤੀ ਅਗੇ ਝੁਕਣ ਦੀ ਥਾਂ ਆਪਣੀਆਂ ਦਲੀਲਾਂ ਦੇ ਆਧਾਰ ਤੇ ਆਪਣਾ ਮਾਰਗ ਨਿਸ਼ਚਿਤ ਕਰਨ ਲੱਗਾ।

## ਪੋਪ ਵਿਰੁਧ ਬਗਾਵਤ ਤੇ ਧਰਮ ਸੁਧਾਰ ਲਹਿਰ

ਪੁਨਰ ਜਾਗ੍ਰਤੀ ਲਹਿਰ ਦਾ ਇਕ ਸਿੱਟਾ ਇਹ ਨਿਕਲਿਆ ਕਿ ਪੋਪ ਤੇ ਉਹਦੇ ਚਰਚ ਪ੍ਰਬੰਧ ਦੀ ਤਿਖੀ ਅਲੋਚਨਾ ਸ਼ੁਰੂ ਹੋ ਗਈ। ਇਸ ਅਲੋਚਨਾ ਵਿਚੋਂ ਹੌਲੀ ਹੌਲੀ ਇਕ ਜ਼ੋਰਦਾਰ ਆਵਾਮੀ ਲਹਿਰ ਚਲ ਪਈ ਜਿਸਨੂੰ ਅੰਗਰੇਜ਼ੀ ਵਿਚ *Reformation* ਜਾਂ *Prostestant* Movement ਕਿਹਾ ਜਾਂਦਾ ਹੈ। ਪ੍ਰੋਟੈਸਟੈਂਟ ਲਹਿਰ ਨੇ ਚਰਚ (ਧਰਮ) ਦੇ ਅਧਿਕਾਰ ਨੂੰ ਵੰਗਾਰਿਆ। ਹੁਣ ਧਰਮ ਦੀ ਜੈ ਜੈ ਕਾਰ ਦਾ ਯੁਗ ਖਤਮ ਤੇ ਆ ਗਿਆ ਅਤੇ ਵਿਗਿਆਨਕ ਸੋਚਣੀ ਨੇ ਜ਼ੋਰ ਫੜ ਲਿਆ।

ਚਰਚ ਦੀਆਂ ਭਿਆਨਕ ਬੁਰਾਈਆਂ ਨੂੰ ਦੂਰ ਕਰਨ ਲਈ ਕਈ ਮਹਾਨ ਵਿਅਕਤੀਆਂ, ਜਿਵੇਂ ਇਰਾਸਮਸ, ਕੋਲਟ, ਜਾਹਨ ਦ ਵਾਈਨਲਿਫ, ਜਾਹਨ ਹੱਸ ਆਦਿ ਨੇ ਵੱਖ ਵੱਖ ਦੇਸ਼ਾਂ ਵਿਚ ਧਰਮ ਸੁਧਾਰ ਲਹਿਰ ਚਲਾਉਣ ਲਈ ਆਪਣਾ ਆਪਣਾ ਯੋਗਦਾਨ ਪਾਇਆ। ਇਨ੍ਹਾਂ ਵਿਚ ਸਭ ਤੋਂ ਉਘੇ ਵਾਈਕਲਿਫ ਤੇ ਹੱਸ ਸਨ। ਧਰਮ ਦੀ ਇਸ ਸੁਧਾਰ ਲਹਿਰ ਦਾ ਅਸਲੀ ਮੰਤਵ ਧਰਮ ਦੀ ਜੈ ਜੈ ਕਾਰ ਨੂੰ ਖਤਮ ਕਰਕੇ ਤਰਕ ਦਲੀਲ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਦੀ ਸਰਦਾਰੀ ਕਾਇਮ ਕਰਨਾ ਸੀ। ਪਿਛਲੀ ਤਿੰਨ ਸਦੀਆਂ ਵਿਚ 16ਵੀਂ ਸਦੀ ਦੇ ਆਰੰਭ ਤੋਂ ਲੈ ਕੇ 19ਵੀਂ ਸਦੀ ਦੇ ਅੰਖੀਰ ਤੱਕ ਯੂਰੋਪ ਨੇ ਜੋ ਹੈਰਾਨੀਜਨਕ ਵਿਕਾਸ ਕੀਤਾ ਹੈ, ਇਹ ਅਸਲ ਵਿਚ ਤਰਕ ਦਲੀਲ ਅਤੇ ਵਿਗਿਆਨ ਦੀ ਅਣਥੱਕ ਖੋਜ ਅਤੇ ਪ੍ਰਾਪਤੀਆਂ ਕਰਕੇ ਹੋਈ ਹੈ—ਇਹ ਧਰਮ ਦੀ ਸਰਦਾਰੀ ਜਾਂ ਜੈ ਜੈ ਕਾਰ ਕਰਕੇ ਨਹੀਂ—ਇਹ ਸਭ ਕੁਝ ਸਾਡੇ ਸਿੱਖ ਧਾਰਮਿਕ ਜਨੂੰਨੀਆਂ ਨੂੰ ਬੜੀ ਗਹਿਰੀ ਨੀਝ ਨਾਲ ਸਮਝਣ ਦੀ ਲੋੜ ਹੈ—ਇਹ ਸਾਰਾ ਤਕਨੀਕੀ ਅਤੇ ਆਰਥਿਕ ਵਿਕਾਸ ਧਰਮ (ਚਰਚ) ਦੀ ਤਬਾਹੀ ਤੋਂ ਬਾਅਦ ਹੀ ਸੰਭਵ ਹੋ ਸਕਿਆ ਹੈ। ਦੂਸਰੇ ਸ਼ਬਦਾਂ ਵਿਚ ਇਹ ਵੀ ਕਹਿ ਸਕਦੇ ਹਾਂ ਕਿ ਅੰਧਵਿਸ਼ਵਾਸੀ ਧਰਮ ਦੀ ਮੁਰਦਾਬਾਦ ਅਤੇ ਤਰਕ ਤੇ ਵਿਗਿਆਨ ਦੀ ਜੈ ਜੈ ਕਾਰ ਨਾਲ ਹੀ ਅੱਜ ਦਾ ਸਾਰਾ ਵਿਕਾਸ ਹੋਇਆ ਹੈ।

## ਧਰਮ ਸੁਧਾਰ ਲਹਿਰ ਦਾ ਪ੍ਰਸਾਰ ਅਤੇ ਪ੍ਰਭਾਵ

ਚਰਚ ਵਿਰੁਧ ਸੰਘਰਸ਼ ਦੇ ਮੁਢਲੇ ਜਤਨਾਂ ਨੇ ਚਰਚ ਅਤੇ ਪੋਪ ਦੀ ਸੱਤਾ ਨੂੰ ਕਾਫ਼ੀ ਧੱਕਾ ਲਾਇਆ ਪਰ ਕੋਈ ਬਹੁਤ ਵੱਡੀ ਸਫਲਤਾ ਨਾ ਮਿਲ ਸਕੀ। ਅਸਲ ਵਿਚ ਜਦੋਂ ਮਾਰਟਨ ਲੂਥਰ ਨੇ ਪੋਪ ਦੇ ਵਿਰੁਧ ਬਗਾਵਤ ਕੀਤੀ ਤਾਂ ਹੀ ਅਸਲ ਵਿਚ ਸੁਧਾਰ ਲਹਿਰ ਦਾ ਆਰੰਭ ਹੋਇਆ। ਮਾਰਟਨ ਲੂਥਰ ਜਰਮਨੀ ਦਾ ਇਕ ਪ੍ਰਸਿਧ ਵਿਦਵਾਨ ਸੀ, ਉਸਨੇ ਧਰਮਾਂ ਦੀ ਉਤਪਤੀ ਅਤੇ ਇਤਿਹਾਸ ਦਾ ਵਿਸ਼ੇਸ਼ ਤੌਰ ਤੇ ਅਧਿਅਨ ਕੀਤਾ। ਜਦੋਂ ਉਹ 1515 ਈਸਵੀ ਵਿਚ ਰੋਮ ਗਿਆ ਤਾਂ ਪੋਪ ਅਤੇ ਉਸਦੇ ਕਾਰਡੀਨਲਜ਼ (ਪਾਦਰੀ) ਦੇ ਭ੍ਰਿਸ਼ਟ ਅਤੇ ਵਿਲਾਸਮਈ ਜੀਵਨ ਨੂੰ ਦੇਖ ਕੇ ਬੜਾ ਦੁਖੀ ਹੋਇਆ। ਉਹ ਬਹੁਤ ਹੀ ਨਿਰਾਸ਼ ਹੋ ਕੇ ਵਾਪਸ਼ ਜਰਮਨੀ ਆ ਗਿਆ ਅਤੇ ਉਸਨੇ ਪੋਪ ਦੇ ਮੁਆਫੀਨਾਮਿਆਂ ਦੀ ਵਿਕਰੀ ਵਿਰੁਧ ਜ਼ੋਰਦਾਰ ਆਵਾਜ਼ ਚੁੱਕੀ। ਮੁਆਫੀਨਾਮਾ ਕਾਗਜ਼ ਦੀ ਇਕ ਲਿਖਤ ਹੁੰਦੀ ਸੀ, ਜਿਹੜੀ ਪਾਪੀ ਮਨੁਖ ਨੂੰ ਦਿਤੀ ਜਾਂਦੀ ਸੀ ਅਤੇ ਇਹਦੇ ਬਦਲੇ ਉਸਨੂੰ ਇਕ ਖਾਸ ਰਕਮ ਦੇਣੀ ਪੈਂਦੀ ਸੀ, ਇਸ ਤਰ੍ਹਾਂ ਉਹ ਆਪਣੇ ਪਾਪਾਂ ਤੋਂ ਮੁਕਤ ਹੋ ਜਾਂਦਾ ਸੀ (ਬਿਲਕੁਲ ਇਸੇ ਹੀ ਪਰੰਪਰਾ ਦੇ ਆਧਾਰ ਤੇ ਅਕਾਲ ਤਖਤ ਦਾ ਮੁਖੀ ਅੱਜ ਵੀ ਅਤੇ ਪਹਿਲਾਂ ਵੀ ਅਪਰਾਧੀ ਸਿੱਖਾਂ ਨੂੰ ਥੋੜੀ ਬਹੁਤ ਸਜ਼ਾ ਦੇ ਕੇ ਉਨ੍ਹਾਂ ਦਾ ਵਕਾਰ ਬਹਾਲ ਕਰ ਦਿੰਦੇ ਰਹੇ ਹਨ) ਪੈਸੇ ਇਕੱਠੇ ਕਰਨ ਲਈ ਇਸ ਢੰਗ ਦੀ ਪੋਪ ਆਮ ਵਰਤੋਂ ਕਰਦੇ ਸਨ। ਮੁਆਫੀਨਾਮੇ ਦੀ ਸਖਤ ਅਲੋਚਨਾ ਕਰਨ ਤੋਂ ਬਾਅਦ ਮਾਰਟਨ ਲੂਥਰ ਨੇ ਚਰਚ ਦੇ ਵਿਰੁਧ 95 ਨੁਕਤੇ ਪ੍ਰਕਾਸ਼ਤ ਕਰਕੇ ਖੁਲੇਆਮ ਬਗਾਵਤ ਕਰ ਦਿਤੀ। ਜਰਮਨੀ ਦੇ ਕੁਲੀਨ ਵਰਗ ਨੇ ਲੂਥਰ ਦਾ ਸਾਥ ਦਿਤਾ। ਇਸ ਦੋਸ਼ ਵਿਚ ਪੋਪ ਨੇ ਲੂਥਰ ਨੂੰ ਈਸਾਈ ਬਰਾਦਰੀ ਵਿਚੋਂ ਕੱਢ ਦਿਤਾ। ਪੋਪ ਨੇ ਬਾਦਸ਼ਾਹ ਚਾਰਲਸ ਪੰਜਵੇਂ ਨੂੰ ਲੂਥਰ ਨੂੰ ਮਾਰਨੇ ਦਾ ਅਧਿਕਾਰ ਵੀ ਦੇ ਦਿਤਾ। ਪਰ ਲੂਥਰ ਜਰਮਨੀ ਦੇ ਲੋਕਾਂ ਅਤੇ ਸ਼ਾਹੀ ਘਰਾਣਿਆਂ ਵਿਚ ਬਹੁਤ ਹੀ ਹਰਮਨ ਪਿਆਰਾ ਹੋ ਚੁਕਾ ਸੀ। ਜਰਮਨੀ ਵਿਚ ਲੂਥਰ ਦੀ ਲਹਿਰ ਨੂੰ ਪੂਰੀ ਸਫਲਤਾ ਮਿਲੀ ਅਤੇ ਉਸਦੇ ਸਮਰਥਕਾਂ ਨੇ ਪੋਪ ਦੇ ਚਰਚ ਨੂੰ ਤਿਆਗ ਦਿਤਾ—ਇਨ੍ਹਾਂ ਨੂੰ ਪ੍ਰੋਟੈਸਟੈਂਟ ਕਿਹਾ ਜਾਂਦਾ ਹੈ। ਮਾਰਟਮ ਲੂਥਰ ਨੇ ਆਪਣੇ ਪ੍ਰੋਟੈਸਟੈਂਟਵਾਦ ਦੇ ਕੁਝ ਸਿਧਾਂਤ ਲੋਕਾਂ ਅਗੇ ਰੱਖੇ।

ਫਰਾਂਸ ਵਿਚ ਧਰਮ ਸੁਧਾਰ ਲਹਿਰ ਦਾ ਆਗੂ ਕੈਲਵਿਨ ਸੀ। ਉਸਨੂੰ ਫਰਾਂਸ ਦੇ ਬਾਦਸ਼ਾਹ ਨੇ ਉਸ ਦੀਆਂ ਚਰਚ ਵਿਰੋਧੀ ਸਰਗਰਮੀਆਂ ਕਰਕੇ ਦੇਸ਼ ਨਿਕਾਲਾ ਦੇ ਦਿਤਾ। ਉਸਨੇ ਲੂਥਰ ਦੇ ਪ੍ਰਭਾਵ ਹੇਠ ਆ ਕੇ ਪੋਪ ਦੇ ਚਰਚ ਨੂੰ 1533 ਈਸਵੀ ਵਿਚ ਤਿਆਗ ਦਿਤਾ। ਇੰਗਲੈਂਡ ਵਿਚ ਧਰਮ ਸੁਧਾਰ ਲਹਿਰ ਦੇ ਸ਼ੁਰੂ ਹੋਣ ਦਾ ਢੰਗ ਬਾਕੀ ਥਾਵਾਂ ਤੋਂ ਵੱਖਰਾ ਸੀ। ਹੈਨਰੀ ਅਠਵੇਂ ਦਾ ਆਪਣੀ ਪਤਨੀ ਕੈਥਰਾਈਨ ਨੂੰ ਤਲਾਕ ਦੇਣ ਦੇ ਪ੍ਰਸ਼ਨ ਉਤੇ ਪੋਪ ਨਾਲ ਝਗੜਾ ਹੋ ਗਿਆ। ਪੋਪ ਨੇ ਤਲਾਕ

ਦੀ ਮੰਜ਼ੂਰੀ ਨਾ ਦਿਤੀ। ਹੈਨਰੀ ਅਠਵੇਂ ਨੇ ਪੋਪ ਦੀ ਪ੍ਰਵਾਹ ਨਾ ਕੀਤੀ ਤੇ ਕੈਥਰੀਨ ਨੂੰ ਤਲਾਕ ਦੇ ਦਿਤਾ ਅਤੇ ਪੋਪ ਦੇ ਅਧਿਕਾਰਾਂ ਨੂੰ ਸੀਮਤ ਕਰਨ ਲਈ ਇਕ ਸੁਧਾਰਵਾਦੀ ਪਾਰਲੀਮੈਂਟ ਬੁਲਾਈ। ਇਸਨੇ ਅਜੇਹੇ ਕਾਨੂੰਨ ਪਾਸ ਕੀਤੇ ਜਿੰਨਾਂ ਨਾਲ ਪੋਪ ਦੇ ਅਧਿਕਾਰ ਖਤਮ ਕਰ ਦਿਤੇ ਗਏ ਅਤੇ ਇੰਗਲੈਂਡ ਦੇ ਪਾਦਰੀਆਂ ਨੂੰ ਹੈਨਰੀ ਅਠਵੇਂ ਦੀ ਅਧੀਨਤਾ ਮੰਨਣੀ ਪਈ। ਹੈਨਰੀ ਹੁਣ ਪ੍ਰਮੁਖਤਾ ਦੇ ਕਾਨੂੰਨ ਦੁਆਰਾ (Act of Supremacy) ਇੰਗਲੈਂਡ ਦੇ ਚਰਚ ਦਾ ਮੁਖੀ ਬਣ ਗਿਆ ਅਤੇ ਉਸਨੇ ਕੈਥੋਲਿਕ ਚਰਚ ਅਤੇ ਮੱਠਾਂ ਦੀ ਬਹੁਤ ਸਾਰੀ ਜਾਇਦਾਦ ਤੇ ਭੂਮੀ ਜ਼ਬਤ ਕਰ ਲਈ। ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਇਸ ਧਰਮ ਸੁਧਾਰ ਲਹਿਰ ਦਾ ਘੇਰਾ ਬਹੁਤ ਵਿਸ਼ਾਲ ਸੀ—ਇਹ ਕਿਸੇ ਇਕ ਦੇਸ਼ ਤੱਕ ਸੀਮਤ ਨਹੀਂ ਸੀ। ਇਹਦੇ ਸਿਟੇ ਵੀ ਬਹੁਤ ਗੰਭੀਰ ਨਿਕਲੇ—ਇਹਦੇ ਨਾਲ ਲੋਕਾਂ ਦਾ ਧਰਮ (ਚਰਚ) ਸਬੰਧੀ ਦ੍ਰਿਸ਼ਟੀਕੋਣ ਕਾਫੀ ਬਦਲ ਗਿਆ। ਅਗੇ ਉਨ੍ਹਾਂ ਦਾ ਆਪਣਾ ਕੋਈ ਚਿੰਤਨ ਨਹੀਂ ਸੀ, ਜੋ ਹੁਕਮ ਪੋਪ ਜਾਂ ਉਸਦੇ ਅਧਿਕਾਰੀਆਂ ਵਲੋਂ ਆਉਂਦਾ ਸੀ ਉਸਨੂੰ ਉਹ ਅੰਨੇਵਾਹ ਮੰਨ ਲੈਂਦੇ ਸਨ—ਹੁਣ ਉਨ੍ਹਾਂ ਵਿਚ ਆਪ ਸੋਚਣ ਦਾ ਸਾਹਸ ਪੈਦਾ ਹੋ ਗਿਆ। ਇਸ ਨਵੇਂ ਜੰਮੇ ਸਾਹਸ ਅਤੇ ਤਰਕ ਨੇ ਤਰੱਕੀ ਦੇ ਦਰਵਾਜ਼ੇ ਖੋਲ ਦਿਤੇ—ਖਾਸ ਤੌਰ ਤੇ ਸਾਇੰਸ ਤੇ ਤਕਨੀਕੀ ਵਿਕਾਸ ਦੇ ਖੇਤਰਾਂ ਵਿਚ।

ਇਸਤੋਂ ਬਾਅਦ ਅਠਾਰਵੀਂ ਸਦੀ ਵਿਚ ਅਮਰੀਕੀ ਅਤੇ ਫਰਾਂਸੀਸੀਆਂ ਕ੍ਰਾਂਤੀਆਂ ਨੇ ਮੌਜੂਦਾ ਬੁਰਜੂਆ ਜਮਹੂਰੀਅਤ ਦੀ ਉਤਪਤੀ ਤੇ ਵਿਕਾਸ ਲਈ ਮੁਢ ਬੰਨਿਆ। ਫਰਾਂਸ ਵਿਚ ਰੂਸੋ ਇਕ ਮਹਾਨ ਚਿੰਤਕ ਸੀ, ਜਿਸਨੇ ਜਮਹੂਰੀ ਵਿਚਾਰਧਾਰਾ ਨੂੰ ਬਲ ਬਖਸ਼ਿਆ। ਸਤਾਰਵੀਂ ਅਤੇ ਅਠਾਰਵੀਂ ਸਦੀ ਦੇ ਦੌਰਾਨ ਬੁਰਜੂਆ ਜਮਹੂਰੀਅਤ ਕਾਇਮ ਕਰਨ ਦੇ ਰਾਹ ਵਿਚ ਕਈ ਮੰਜ਼ਿਲਾਂ ਅਤੇ ਪੜਾਅ ਤੈਅ ਕਰਨੇ ਪੈਂਦੇ ਰਹੇ ਜਿੰਨਾਂ ਦੀ ਵਿਸਥਾਰ ਵਿਚ ਵਿਆਖਿਆ ਕਰਨਾ ਇਥੇ ਸੰਭਵ ਨਹੀਂ। ਉਕਾ ਦੁੱਕਾ ਮਿਸਾਲਾਂ ਛੱਡ ਕੇ ਭਾਰਤ ਦੇ ਇਤਹਾਸ ਵਿਚ ਕਿਸੇ ਵੀ ਪੜਾਅ ਤੇ ਧਾਰਮਿਕ ਅੰਧਵਿਸ਼ਵਾਸੀ ਨੂੰ ਇਕ ਲਹਿਰ ਦੀ ਸ਼ਕਲ ਵਿਚ ਨਹੀਂ ਵੰਗਾਰਿਆ ਗਿਆ। ਮੌਜੂਦਾ ਫਿਰਕਾਪ੍ਰਸਤੀ ਦਾ ਇਹ ਇਕ ਕਾਰਣ ਸਮਝਿਆ ਜਾਣਾ ਚਾਹੀਦਾ ਹੈ। ਹੁਣ ਅਸੀਂ ਫਿਰਕਾਪ੍ਰਸਤੀ ਦੇ ਕੁਝ ਹੋਰ ਪਹਿਲੂਆਂ ਤੇ ਕਾਰਨਾਂ ਦਾ ਲੇਖਾ ਜੋਖਾ ਕਰਾਂਗੇ।

### ਮੌਜੂਦਾ ਵਿਦਿਅਕ ਢਾਂਚਾ ਤੇ ਫਿਰਕੂ ਹਨੇਰੀ—

ਜਦੋਂ ਅਸੀਂ ਇਹ ਗਲ ਮਹਿਸੂਸ ਕਰਦੇ ਹਾਂ ਜਾਂ ਕਹਿਣ ਲਈ ਮਜਬੂਰ ਹੁੰਦੇ ਹਾਂ ਕਿ ਪੜ੍ਹੇ ਲਿਖੇ (ਉਚੇਰੀ ਸਿਖਿਆ ਪ੍ਰਾਪਤ ਖਾਸ ਕਰਕੇ), ਸਿਖਾਂ ਦਾ ਇਕ ਵਿਸ਼ਾਲ ਵਰਗ ਮੌਜੂਦਾ ਫਿਰਕੂ ਅਤੇ ਧਾਰਮਿਕ ਜਨੂੰਨ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਗਿਆ ਹੈ—ਉਹ ਫਿਰਕਾਪ੍ਰਸਤੀ ਦੇ ਵਹਿਣ ਵਿਚ ਇਵੇਂ ਵਹਿ ਤੁਰਿਆ ਹੈ ਕਿ ਉਹਨਾਂ ਨਾਲ ਤਰਕ ਜਾਂ ਦਲੀਲ ਦੀ ਗਲ ਸ਼ੁਰੂ ਕਰਨੀ ਵੀ ਮੁਸ਼ਕਲ ਹੈ—ਗਲ ਅਗਾਂਹ ਤੋਰਨ ਦੀ ਤਾਂ ਗਲ ਹੀ ਛੱਡੋ, ਇਸ ਗੱਲ ਵਿਚ ਉਹ ਬਹੁਤੇ ਅਨਪੜ੍ਹਾਂ ਨੂੰ ਵੀ ਪਛਾੜ ਗਏ ਹਨ—ਇਹੋ ਜਿਹੀ ਉਲਾਰ ਸਥਿਤੀ ਦੇਖਕੇ ਸਾਡੇ ਮਨ ਵਿਚ ਇਕ ਪ੍ਰਸ਼ਨ ਆਪ ਮੁਹਾਰੇ ਉਠਦਾ ਹੈ ਕਿ ਜੇ ਇਨੀ ਉਚੀ ਅਕਾਦਮਿਕ ਸਿਖਿਆਵੀ ਇਹਨਾਂ ਲੋਕਾਂ ਨੂੰ ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਤੋਂ ਉਪਰ ਉਠਾ ਕੇ ਵਿਚਾਰ-ਸ਼ੀਲ, ਸੂਝਵਾਨ (Rational) ਜਾਂ ਧਰਮ ਨਿਰਪੱਖ (Secular) ਨਹੀਂ ਬਣਾ ਸਕੀ, ਤਾਂ ਕਿਧਰੇ ਨਾ ਕਿਧਰੇ ਸਾਡੇ ਵਿਦਿਅਕ ਢਾਂਚੇ ਵਿਚ ਜ਼ਰੂਰ ਕੋਈ ਬੁਨਿਆਦੀ ਨੁਕਸ ਹੈ। ਅਤੇ ਇਹ ਤਾਂ ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਸਾਡੇ ਜਮਹੂਰੀ ਪ੍ਰਸੰਦ ਵਿਦਿਅਕ ਮਾਹਰਾਂ ਨੇ ਅਜੇਹੇ ਵਿਦਿਅਕ ਢਾਂਚੇ ਦੀ ਅੱਜ ਤਕ (37 ਸਾਲਾਂ ਦੌਰਾਨ) ਚੀਰ ਫਾੜ ਦਾ ਵਿਸ਼ਲੇਸ਼ਣ ਕਰਕੇ ਇਹਦੇ ਬੁਨਿਆਦੀ ਨੁਕਸਾਂ ਉਤੇ ਉਂਗਲ ਰਖਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ? ਇਹੋ ਜਿਹੇ ਵਿਦਿਅਕ ਢਾਂਚੇ ਨੂੰ ਬਦਲਣ ਦੀ ਜਾਂ ਇਹਦੇ ਬਰਾਬਰ ਕੋਈ ਲੋਕ-ਪਖੀ ਵਿਦਿਅਕ ਢਾਂਚਾ ਉਸਾਰਨ ਦੀ ਤਾਂ ਗਲ ਹੀ ਛੱਡੋ। ਹਕੀਕਤ ਇਹ ਹੈ ਕਿ ਸਕੂਲ ਦੀ ਮੁਢਲੀ ਪੜ੍ਹਾਈ ਤੋਂ ਲੈਕੇ ਵਿਸ਼ਵ ਵਿਦਿਆਲੇ ਦੀ ਪੜ੍ਹਾਈ ਮਧਕਾਲ ਦੇ ਅਜੇਹੇ ਸੋਚ-ਪ੍ਰਬੰਧ ਵਿਚ ਉਲਝੀ ਹੋਈ ਹੈ ਕਿ ਕੋਈ ਵੀ ਵਿਅਕਤੀ ਸਕੂਲ ਜਾਂ ਕਾਲਜ ਦੀ ਵਿਦਿਆ ਪ੍ਰਾਪਤ ਕਰਕੇ ਧਰਮ-ਨਿਰਪੱਖ ਜਾਂ ਤਰਕਵਾਦੀ ਬਣ ਹੀ ਨਹੀਂ ਸਕਦਾ। ਭਾਰਤ ਦਾ ਮੌਜੂਦਾ ਵਿਦਿਅਕ ਢਾਂਚਾ ਬੜੇ ਟੇਢੇ ਢੰਗ ਨਾਲ ਲੁਟੇਰੀਆਂ ਜਮਾਤਾਂ—ਸਰਮਾਏਦਾਰੀ ਅਤੇ ਜਗੀਰਦਾਰਾਂ ਦੀ ਰੱਖਿਆ ਅਤੇ ਵਿਕਾਸ ਲਈ ਹੀ ਕੰਮ ਕਰ ਰਿਹਾ ਹੈ। ਭਾਰਤ ਦੀ ਬੁਰਜੂਆ ਸਿਆਸਤ ਵਾਂਗ, ਇਥੋਂ ਦੇ ਵਿਦਿਅਕ ਢਾਂਚੇ ਉਤੇ ਵੀ ਗਾਂਧੀਵਾਦ ਦਾ ਬੜਾ ਗਹਿਰਾ ਪ੍ਰਭਾਵ ਹੈ। ਸਾਡੇ ਵਿਦਿਅਕ ਪ੍ਰਬੰਧ ਦੇ ਕੋਰਸਾਂ ਅਤੇ ਸਲੇਬਸਾਂ ਵਿਚ ਗਾਂਧੀ ਦੀਆਂ ਕਈ ਕਿਰਤਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਅਧਿਆਪਕ ਦੇ ਸਿਧਾਂਤ ਵੀ ਅਧਿਆਪਕਾਂ ਨੂੰ ਸਿਖਸ਼ਤ ਕਰਨ ਲਈ ਸ਼ਾਮਲ ਕੀਤੇ ਗਏ ਹਨ। ਮਹਤਮਾਂ ਗਾਂਧੀ (ਇਕ ਬੁਰਜੂਆ ਸਿਆਸਤ-ਦਾਨ ਨੂੰ ਮਹਾਤ੍ਮਾ ਪਤਾ ਨਹੀਂ ਕਿਉਂ ਕਿਹਾ ਗਿਆ ਹੈ) ਆਪਣੇ ਵਿਚਾਰਾਂ ਦੀ ਪ੍ਰੋੜਤਾ ਲਈ ਵਾਰ ਵਾਰ ਹਿੰਦੂ ਮਿਥਿਹਾਸ ਜਾਂ ਇਤਿਹਾਸ ਵਿਚੋਂ ਉਦਾਹਰਣਾਂ ਦਿੰਦਾ ਹੈ। ਉਹ ਅਤੀਤ ਪ੍ਰਸਤੀ ਦਾ ਸ਼ਿਕਾਰ ਹੋ ਕੇ ਸਾਨੂੰ ਵਾਰ ਵਾਰ ਪਿਛਾਂਹ ਨੂੰ ਝਾਕਣ ਦੀ ਹੀ ਸਿਖਿਆ ਦਿੰਦਾ ਹੈ। ਉਹ ਆਪਣੀਆਂ ਲਿਖਤਾਂ ਵਿਚ ਹਰੀਸ਼ ਚੰਦਰ ਤਾਰਾਮਤੀ

ਅਤੇ ਸਰਵਣ ਕੁਮਾਰ ਦਾ ਕਈ ਵਾਰ ਜ਼ਿਕਰ ਕਰਦਾ ਹੈ। ਹਰੀਸ਼ ਚੰਦਰ ਨੂੰ ਸਤਿਆਵਾਦੀ ਦਸਦਾ ਹੋਇਆ ਉਹ ਗੁਲਾਮਦਾਰੀ ਯੁਗ ਦੇ ਸੱਚ ਨੂੰ ਹੀ ਅਜ ਦੇ ਯੁਗ ਦਾ ਸੱਚ ਬਣਾਕੇ ਪੇਸ਼ ਕਰ ਰਿਹਾ ਹੈ। ਸਰਵਣ ਕੁਮਾਰ ਵਲੋਂ ਸਮੁਚੇ ਸਮਾਜ ਦੀ ਮੁਕਤੀ ਲਈ ਸੰਘਰਸ਼ ਨੂੰ ਛਡ ਕੇ ਆਪਣੇ ਅੰਨ੍ਹੇ ਮਾਂ ਪਿਉ ਨੂੰ ਵਹਿੰਗੀ ਵਿਚ ਬਿਠਾਕੇ ਤੀਰਥ ਯਾਤਰਾ ਕਰਵਾਉਣ ਤੁਰ ਪੈਣਾ ਕਿਥੋਂ ਤਕ ਠੀਕ ਹੈ—ਅੰਨ੍ਹੇ ਮਾਂ ਬਾਪ ਤੀਰਥਾਂ ਤੇ ਜਾ ਕੇ ਕੀ ਦੇਖਣਗੇ, ਕੀ ਆਨੰਦ ਮਾਨਣਗੇ ਜਦੋਂ ਉਹਨਾਂ ਨੂੰ ਕੁਝ ਦਿਸਦਾ ਹੀ ਨਹੀਂ—ਅੰਨ੍ਹੇ ਮਾਂ ਬਾਪ ਨੂੰ ਇਕ ਥਾਂ ਬਿਠਾਕੇ ਉਹਨਾਂ ਦੀ ਸੇਵਾ ਕਰਨ ਨੂੰ ਠੀਕ ਕਿਉਂ ਨਹੀਂ ਕਰਾਰ ਦਿਤਾ ਗਿਆ। ਮਹਾਤਮਾ ਗਾਂਧੀ ਦੇ ਅਜੇਹੇ ਆਦਰਸ਼ ਨਾਇਕਾਂ ਬਾਰੇ ਮਨ ਵਿਚ ਕਈ ਸ਼ੰਕੇ ਖੜੇ ਹੁੰਦੇ ਹਨ। ਗਾਂਧੀ ਆਪਣੀਆਂ ਲਿਖਤਾਂ ਵਿਚ ਵਾਰ ਵਾਰ ਹਿੰਦੂ ਗਰੰਥਾਂ ਰਮਾਇਣ ਅਤੇ ਮਹਾਂ ਭਾਰਤ ਵਿਚੋਂ ਹੀ ਹਵਾਲੇ ਦੇਣ ਤਕ ਸੀਮਤ ਰਹਿ ਜਾਂਦਾ ਹੈ। ਉਹਨੇ ਆਪਣੇ ਸਦਾਚਾਰ ਦੀ ਧਾਰਨਾ ਹਿੰਦੂਵਾਦ ਵਿਚੋਂ ਪ੍ਰਾਪਤ ਕੀਤੀ ਸੀ। ਦਖਣੀ ਅਫਰੀਕਾ, ਜਿਥੇ ਗਾਂਧੀ ਨੇ ਸਮਾਜਕ ਬਰਾਬਰੀ ਅਤੇ ਸਾਂਝਾ ਮਨੁਖੀ ਭਾਈਚਾਰਾ ਕਾਇਮ ਕਰਨ ਦਾ ਤਜਰਬਾ ਕੀਤਾ ਸੀ, ਉਥੇ ਉਥੋਂ ਦੀ ਗੋਰੀ ਸਰਕਾਰ ਨੇ ਗੋਰਿਆਂ ਕਾਲਿਆਂ ਵਿਚ ਲਗਾਤਾਰ ਪਾੜਾ ਵਧਾਕੇ ਕਾਲਿਆਂ ਨੂੰ ਸਾਰੇ ਮੁਢਲੇ ਮਨੁਖੀ ਅਧਿਕਾਰਾਂ ਤੋਂ ਵਾਂਝਿਆਂ ਕਰ ਰੱਖਿਆ ਹੈ। ਗਾਂਧੀ ਆਪਣੀ ਲਿਖਤਾਂ ਵਿਚ ਰੂਸੋ, ਅਰਸਤੂ, ਮਾਰਕਸ, ਡਾਰਵਿਨ, ਅਫਲਾਤੂਨ, ਲੈਨਿਨ ਅਤੇ ਜੇ. ਐਸ. ਮਿਲ ਵਰਗੇ ਤਰਕ ਸ਼ਾਸਤਰੀਆਂ ਦਾ ਕਿਧਰੇ ਘਟ ਹੀ ਜ਼ਿਕਰ ਕਰਦਾ ਹੈ—ਜੇ ਕਿਧਰੇ ਕੀਤਾ ਹੈ ਵੀ ਹੈ ਤਾਂ ਨਾ ਹੋਇਆਂ ਦੇ ਬਰਾਬਰ।

ਇਸ ਲਈ ਫਿਰਕਾਪ੍ਰਸਤੀ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਲੋਕ-ਪੱਖੀ ਵਿਦਿਅਕ ਮਾਹਰਾਂ ਨੂੰ ਮੌਜੂਦਾ ਵਿਦਿਅਕ ਪ੍ਰਬੰਧ ਦੀ ਚੀਰ ਫਾੜ ਕਰਕੇ ਇਹਦੇ ਸਮਾਨ ਅੰਤਰ ਇਕ ਜਮਹੂਰੀ ਵਿਦਿਅਕ ਪ੍ਰਬੰਧ ਉਸਾਰਨ ਦਾ ਉਪਰਾਲਾ ਕਰਨਾ ਪੈਣਾ ਹੈ।

## ਧਰਮ ਅਤੇ ਸਿਆਸਤ ਦਾ ਆਪਸੀ ਗਠਜੋੜ—

ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ ਕਿ ਸਿਖ ਲਹਿਰ ਦੇ ਇਤਿਹਾਸ ਵਿਚ ਅਰੰਭ ਤੋਂ ਹੀ ਧਰਮ ਅਤੇ ਸਿਆਸਤ ਇਕ ਦੂਸਰੇ ਨਾਲ ਜੁੜੇ ਰਹੇ ਹਨ। ਗੁਰੂ ਗੋਬਿੰਦ ਸਿੰਘ ਵਲੋਂ ਖਾਲਸਾ ਪੰਥ ਸਾਜਣਾ ਅਤੇ ਔਰੰਗਜ਼ੇਬ ਦੇ ਜ਼ੁਲਮ ਵਿਰੁਧ ਲੜਾਈ ਦੇਣ ਲਈ ਸਿਖ ਫੌਜ ਤਿਆਰ ਕਰਨ ਦਾ ਅਰਥ ਵੀ ਅਸਲ ਵਿਚ ਧਰਮ ਅਤੇ ਸਿਆਸਤ ਨੂੰ ਜੁੜਵੇਂ ਰੂਪ ਵਿਚ ਜ਼ੁਲਮ ਵਿਰੁਧ ਹਥਿਆਰ ਵਜੋਂ ਵਰਤਣਾ ਸੀ। ਜੇ ਧਰਮ ਕਿਸੇ ਵੀ ਤਰ੍ਹਾਂ ਦੇ ਜਬਰ ਅਤੇ ਜ਼ੁਲਮ ਵਿਰੁਧ ਲੜਨ ਲਈ ਪ੍ਰੇਰਨਾ ਦਾ ਸੋਮਾ ਬਣਦਾ ਹੈ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਪਰ ਜਦੋਂ ਧਰਮ ਅੰਧ-ਵਿਸ਼ਵਾਸ ਅਤੇ ਤੁਅੱਸਬਪੁਣੇ ਦਾ ਕਾਰਨ ਬਣਕੇ ਖੁਦ ਲੋਕਾਂ ਤੇ ਜ਼ੁਲਮ ਕਰਦਾ ਹੈ ਤਾਂ ਇਹ ਦਾ ਵਿਰੋਧ ਕਰਨਾ ਹਰ ਇਨਸਾਫ ਪਸੰਦ ਬੰਦੇ ਲਈ ਜ਼ਰੂਰੀ ਹੋ ਜਾਂਦਾ ਹੈ। ਸਿਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬੰਦਾ ਬਹਾਦਰ ਦੀ ਮੌਤ ਤਕ ਧਰਮ ਅਤੇ ਸਿਆਸਤ ਨੂੰ ਜੁੜਵੇਂ ਰੂਪ ਵਿਚ ਜ਼ੁਲਮ ਵਿਰੁਧ—(ਇਹ ਜ਼ੁਲਮ ਚਾਹੇ ਸਮਾਜਕ ਸੀ ਜਾਂ ਆਰਥਕ)—ਇਕ ਕਾਰਗਰ ਹਥਿਆਰ ਵਜੋਂ ਵਰਤਿਆਂ ਜਾਂਦਾ ਰਿਹਾ। ਪਰ ਸਿਖ ਲਹਿਰ ਧਰਮ ਵਿਚ ਵਟ ਜਾਣ ਪਿਛੋਂ—ਮਹਾਰਾਜਾ ਰਣਜੀਤ ਸਿੰਘ ਦੇ ਸਤਾਧਾਰੀ ਬਣਨ ਤੋਂ ਲੈ ਕੇ ਅਜ ਤਕ ਸਿਖ ਜਗੀਰਦਾਰਾਂ ਅਤੇ ਸਰਮਾਏਦਾਰਾਂ (ਸੁਤੰਤਰਤਾ ਲਹਿਰ ਦੌਰਾਨ ਬੱਬਰ ਅਕਾਲੀ ਲਹਿਰ ਨੂੰ ਛਡਕੇ) ਨੇ ਧਰਮ ਅਤੇ ਸਿਆਸਤ ਨੂੰ ਜੁੜਵੇਂ ਰੂਪ ਵਿਚ ਆਪਣੀ ਸੱਤਾ ਦੇ ਸੁਆਰਥ ਲਈ ਬੜੀ ਹੁਸ਼ਿਆਰੀ ਨਾਲ ਵਰਤਿਆ ਹੈ। 1947 ਤੋਂ ਲੈ ਕੇ ਹੁਣ ਤਕ ਸਿਖ ਜਗੀਰਦਾਰੀ (ਇਸ ਵਿਚ ਕਾਂਗਰਸੀ ਅਤੇ ਅਕਾਲੀ ਦੋਨੋਂ ਧੜੇ ਸ਼ਾਮਿਲ ਹਨ) ਨੇ ਸੱਤਾ ਪ੍ਰਾਪਤੀ ਲਈ ਸਮੇਂ ਸਮੇਂ ਮੌਕੇ ਅਨੁਸਾਰ ਜਿਥੇ ਧਰਮ ਲਾਹੇਵੰਦ ਸੀ, ਉਥੇ ਧਰਮ ਨੂੰ ਅਤੇ ਜਿਥੇ ਸਿਆਸਤ ਲਾਹੇਵੰਦ ਸੀ ਉਥੇ ਸਿਆਸਤ ਨੂੰ ਲਗਾਤਾਰ ਵਰਤਿਆ ਹੈ—ਇਹ ਅਜੀਬ ਖੇਡ 37 ਸਾਲਾਂ ਤੋਂ ਪੰਜਾਬ ਵਿਚ ਖੇਡੀ ਜਾਂਦੀ ਰਹੀ ਹੈ। ਅਜ ਦੇ ਵਿਗਿਆਨਕ ਯੁਗ ਵਿਚ ਇਹ ਸਿੱਟਾ ਕਢਿਆ ਜਾ ਚੁਕਿਆ ਹੈ ਕਿ ਧਰਮ ਦਾ ਮੁਖ ਸੋਮਾ ਅੰਧ ਵਿਸ਼ਵਾਸ ਅਤੇ ਜਨੂੰਨ ਹੈ ਅਤੇ ਅੱਜ ਜਦੋਂ ਵੀ ਧਰਮ ਨੂੰ ਸਿਆਸਤ ਨਾਲ ਜੁੜਵੇਂ ਰੂਪ ਵਿਚ ਵਰਤਿਆ ਜਾਵੇਗਾ ਤਾਂ ਇਹ ਲੋਕਾਂ ਨੂੰ ਬੁਧੂ ਬਣਾਕੇ ਲੁਟਣ ਲਈ ਹੀ ਵਰਤਿਆ ਜਾਵੇਗਾ।

## ਫਿਰਕੂ ਜਨੂੰਨ ਅਤੇ ਹਿੰਸਾ ਦਾ ਸੰਕਲਪ :

ਫਿਰਕਾਪ੍ਰਸਤ ਸਿੱਖਾਂ ਦੇ ਇਕ ਵਿਸ਼ੇਸ਼ ਤਬਕੇ ਵਲੋਂ ਇਕ ਹੋਰ ਗੱਲ ਜੋ ਉਭਾਰ ਕੇ ਪੇਸ਼ ਕੀਤਾ ਜਾ ਰਿਹਾ ਹੈ ਉਹ ਹੈ ਹਿੰਸਾ ਦੇ ਪੱਖ ਵਿਚ ਵਕਾਲਤ ਅਤੇ ਕਤਲੋਗਾਰਤ (ਖੂਨ ਖਰਾਬੇ) ਦੀ ਜੈ ਜੈ ਕਾਰ। ਅੰਨੇਵਾਹ ਹਿੰਸਾ ਦਾ ਬੜਾ ਵਧਾ ਚੜਾ ਕੇ ਸੁਆਗਤ ਕੀਤਾ ਜਾ ਰਿਹਾ ਹੈ—ਇਹ ਵਰਤਾਰਾ ਵੀ ਪੰਜਾਬ ਵਿਚ ਪਹਿਲੀ ਵਾਰ ਵਾਪਰ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਇਕ ਪ੍ਰਚਾਰਕ ਨੇ ਮੇਰੇ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਦੋਂ ਪ੍ਰਚਾਰ, ਗੱਲਬਾਤ ਅਤੇ ਅਮਨ ਦੁਆਰਾ ਇਨਸਾਫ ਦੇ ਸਾਰੇ ਰਾਹ

ਬੰਦ ਹੋ ਗਏ ਸਨ ਤਾਂ ਕਮਿਊਨਿਸਟ ਇਨਕਲਾਬੀਆਂ ਨੇ ਵੀ ਹਥਿਆਰ ਚੁਕਣਾ ਹੀ ਠੀਕ ਸਮਝਿਆ ਸੀ— ਹੁਣ ਜੇ ਧਰਮ ਦੇ ਨਾਂ ਤੇ ਸਿੱਖਾਂ ਨੇ ਹਥਿਆਰ ਚੁਕ ਕੇ ਇਨਸਾਫ ਦੀ ਪ੍ਰਾਪਤੀ ਦਾ ਰਾਹ ਚੁਣਿਆ ਹੈ ਤਾਂ ਤੁਸੀਂ ਉਨ੍ਹਾਂ ਦੀ ਹਰ ਧਾਂਸ਼ਿਓਂ ਭੰਡੀ ਕਰ ਰਹੇ ਹੋ—ਇਨ੍ਹਾਂ ਨੂੰ ਵੀਹਵੀਂ ਸਦੀ ਦੇ ਮੰਸੰਦ ਕਹਿ ਰਹੇ ਹੋ। ਇਸ ਵਿਅਕਤੀ ਨੂੰ ਧਾਰਮਕ ਜਨੂੰਨ ਦਾ ਏਨਾ ਜੋਸ਼ ਸੀ ਕਿ ਮੈਨੂੰ ਉਸਨੂੰ ਦਲੀਲ ਜਾਂ ਤਰਕ ਦੀ ਗੱਲ ਕਰਨ ਦਾ ਕੋਈ ਸਮਾਂ ਜਾਂ ਵਕਫਾ ਨਾ ਮਿਲ ਸਕਿਆ। ਫੇਰ ਵੀ ਮੈਂ ਉਸਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸੇ ਵੀ ਯੁਗ ਵਿੱਚ ਹਿੰਸਾ ਦੀ ਵਰਤੋਂ ਬਾਰੇ ਇਹ ਸੋਚਣਾ ਪਵੇਗਾ ਕਿ ਹਥਿਆਰ ਸਮਾਜ ਦੀ ਕਿਹੜੀ ਜਮਾਤ ਦੇ ਧੜੇ ਕੋਲ ਹਨ ਅਤੇ ਇਹ ਹਥਿਆਰ ਕਿਹੜੀ ਜਮਾਤ ਦੇ ਵਿਰੁੱਧ ਵਰਤੇ ਜਾ ਰਹੇ ਹਨ। ਅੱਜ ਪੰਜਾਬ ਵਿਚ ਸੱਚ ਤਾਂ ਇਹ ਹੈ ਕਿ ਹਥਿਆਰ ਸਿੱਖ ਜਗੀਰਦਾਰੀ ਅਤੇ ਸਰਮਾਏਦਾਰੀ ਦੇ ਪ੍ਰਤੀਨਿਧਾਂ ਦੇ ਹੱਥ ਵਿਚ ਹਨ—ਗੱਲ ਬੜੀ ਸਾਫ ਹੈ ਕਿ ਸਿੱਖ ਜਗੀਰਦਾਰੀ ਇਹ ਹਥਿਆਰ ਪੰਜਾਬ ਦੀ ਮੰਡੀ ਤੇ ਕਾਬਜ਼ ਹੋਣ ਲਈ ਜਾਂ ਸੱਤਾ ਪ੍ਰਾਪਤੀ ਲਈ ਮਜ਼ਲੂਮਾਂ ਦੇ ਕਤਲ ਕਰਨ ਲਈ ਵਰਤ ਰਹੀ ਹੈ। ਸੋ ਸੁਭਾਵਕ ਹੀ ਹੈ ਕਿ ਇਹ ਹਥਿਆਰ ਮਿਹਨਤਕਸ਼ ਜਮਾਤਾਂ ਦੇ ਹੱਕਾਂ ਦਾ ਕਤਲੇਆਮ ਕਰਨ ਲਈ ਹੀ ਵਰਤੇ ਜਾਣਗੇ। ਪਰ ਜਦ ਏਹੀ ਹਥਿਆਰ ਮਿਹਨਤਕਸ਼ ਜਮਾਤ ਦੇ ਹੱਥਾਂ ਵਿਚ ਹੋਣਗੇ ਤਾਂ ਸੁਭਾਵਕ ਹੀ ਹੈ ਕਿ ਇਹ ਹਥਿਆਰ ਮੌਜੂਦਾ ਜਗੀਰੂ ਅਤੇ ਪੂੰਜੀਵਾਦੀ ਸਮਾਜਕ ਪ੍ਰਬੰਧ ਦੇ ਖਾਤਮੇ ਲਈ ਵਰਤੇ ਜਾਣਗੇ। ਸੋ ਬਿਨਾਂ ਸੋਚੇ ਸਮਝੇ—ਬਗੈਰ ਕਿਸੇ ਤਰਕ ਤੋਂ ਹਥਿਆਰਾਂ ਅਤੇ ਹਿੰਸਾ ਦੀ ਵਕਾਲਤ ਅਤੇ ਵਰਤੋਂ ਮਿਹਨਤਕਸ਼ ਜਮਾਤ ਦੇ ਰਹਿੰਦੇ-ਖੂੰਹਦੇ ਹੱਕ ਵੀ ਕੁਚਲੀ ਜਾ ਰਹੀ ਹੈ। ਪ੍ਰਸਿਧ ਪੱਤਰਕਾਰ ਕੁਲਦੀਪ ਨਈਅਰ ਦੇ ਕਹਿਣ ਅਨੁਸਾਰ, 'ਫੇਰ ਵੀ ਨਕਸਲੀ ਕਿਸੇ ਵਿਅਕਤੀ ਦੀ ਸਿਰਫ ਇਸ ਲਈ ਜਾਨ ਲੈਣ ਦੇ ਪੱਖ ਵਿਚ ਨਹੀਂ ਹਨ ਕਿ ਉਹ ਕਿਸੇ ਖਾਸ ਧਰਮ ਦਾ ਪੈਰੋਕਾਰ ਹੈ। ਉਹ ਕੁਝ ਆਦਰਸ਼ਾਂ ਤੋਂ ਪ੍ਰੇਰਤ ਹਨ ਅਤੇ ਇਹ ਲੋਕ ਉਨਾਂ ਲੋਕਾਂ ਵਾਂਗ ਨਹੀਂ ਹਨ ਜ ਪੰਜਾਬ ਵਿਚ ਨਿਰਦੋਸ਼ਾਂ ਦੀ ਹਤਿਆ ਕਰ ਰਹੇ ਹਨ। ਇਨ੍ਹਾਂ ਦੋਹਾਂ ਵਰਗਾਂ ਦੇ ਲੋਕਾਂ ਵਿਚ ਮੁਕਾਬਲਾ ਹੀ ਕਿੱਥੇ ਹੋ ਸਕਦਾ ਹੈ! ਫੇਰ ਵੀ ਨਕਸਲੀ ਦਹਿਸ਼ਤਪ੍ਰਸਤ ਹਨ। ਦੋਨਾਂ ਦਾ ਸਾਰਾ ਕੰਮ ਢੰਗ ਵੀ ਵਖ ਵਖ ਹੈ। ਅਤਿਵਾਦੀਆਂ ਦਾ ਬੰਦੂਕਾਂ ਨਾਲ ਅਜੀਬ ਪ੍ਰੇਮ ਹੈ। ਜਦੋਂ ਕਿ ਨਕਸਲੀ ਉਸ ਹਾਲਤ ਵਿਚ ਹੀ ਹਿੰਸਾ ਦਾ ਰਾਹ ਅਪਣਾਉਂਦੇ ਹਨ ਜਦੋਂ ਉਹ ਦੇਖਦੇ ਹਨ ਕਿ ਉਨ੍ਹਾਂ ਦੀ ਰਾਇ ਅਨੁਸਾਰ ਹੁਣ ਕੋਈ ਵੀ ਸ਼ਾਂਤੀਪੂਰਵਕ ਰਾਹ ਹੀ ਨਹੀਂ ਰਹਿ ਗਿਆ।" ਕੁਲਦੀਪ ਨਈਅਰ ਨੇ ਅਗਾਂਹ ਕਿਹਾ ਕਿ ਅੱਜ ਸਰਕਾਰ ਅੱਤਿਵਾਦੀਆਂ ਨਾਲੋਂ ਨਕਸਲੀਆਂ ਨੂੰ ਵਧੇਰੇ ਖਤਰਨਾਕ ਸਮਝਦੀ ਕਿਉਂਕਿ ਉਹ ਜਾਣਦੀ ਹੈ ਕਿ ਭਾਰਤ ਦੇ ਬੁਨਿਆਦੀ ਆਰਥਕ ਸਮਾਜਕ ਢਾਂਚੇ ਵਿਚ ਤਬਦੀਲੀ ਕਰਨ ਦਾ ਪ੍ਰੋਗਰਾਮ ਸਿਰਫ ਨਕਸਲੀਆਂ ਕੋਲ ਹੀ ਹੈ।

## ਭਾਰਤ ਦਾ ਸੰਵਿਧਾਨ ਅਤੇ ਧਰਮ ਨਿਰਪੱਖਤਾ :

ਦੇਸ਼ ਦੀ ਵੰਡ ਸਮੇਂ ਜਾਂ ਪਿਛੋਂ—ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੇ ਭਾਵੇਂ ਭਾਰਤ ਨੂੰ ਇਕ ਧਰਮ ਨਿਰਪੱਖ (Secular) ਸਟੇਟ ਐਲਾਨ ਕਰ ਦਿਤਾ ਸੀ, ਪਰ ਇਹਦਾ ਅਰਥ ਇਹ ਬਿਲਕੁਲ ਨਹੀਂ ਲਿਆ ਜਾਣਾ ਚਾਹੀਦਾ ਕਿ ਭਾਰਤ ਨੂੰ ਵਿਧਾਨ ਵਿਚ ਧਰਮ ਨਿਰਪੱਖ ਦੇਸ਼ ਮੰਨ ਲੈਣ ਨਾਲ ਭਾਰਤ ਸਚਮੁਚ ਹੀ ਧਰਮ ਨਿਰਪੱਖ ਦੇਸ਼ ਬਣ ਗਿਆ ਸੀ। ਭਾਰਤ ਦੇ ਸਮਾਜਕ ਪ੍ਰਬੰਧ ਵਿਚ ਉਹ ਅਨੇਕਾਂ ਸੰਭਾਵਨਾਵਾਂ ਮੌਜੂਦ ਸਨ ਜਿਨ੍ਹਾਂ ਕਰਕੇ ਇਥੇ ਧਰਮ ਅਤੇ ਫਿਰਕਿਆਂ ਦੇ ਨਾਂ ਤੇ ਗੜਬੜ ਕਰਵਾ ਕੇ ਆਪਣੀ ਰਾਜ ਸੱਤਾ ਕਾਇਮ ਰੱਖਣ ਲਈ ਸਮੇਂ ਸਮੇਂ ਵਰਤਦੇ ਰਹੇ ਅਤੇ ਇਸ ਫਿਰਕੂ ਗੜਬੜ ਦਾ ਵਰਤਾਰਾ ਭਾਰਤ ਵਿਚ 37 ਸਾਲਾਂ ਤੋਂ ਲਗਾਤਾਰ ਚਲਦਾ ਰਿਹਾ ਹੈ —ਕਦੇ ਤੇਜ਼ ਗਤੀ ਨਾਲ ਕਦੇ ਧੀਮੀ ਗਤੀ ਨਾਲ ਅਤੇ ਕਈ ਵਾਰ ਇਹਨੇ ਭਿਆਨਕ ਹਿੰਸਕ ਰੂਪ ਵੀ ਧਾਰਿਆ ਹੈ। ਫਿਰਕੂ ਗੜਬੜ ਜਾਂ ਫਿਰਕਾਪ੍ਰਸਤੀ ਨੂੰ ਕਾਇਮ ਰੱਖਣ ਦੇ ਦੋ ਵੱਡੇ ਚਿੰਨ੍ਹ ਜੋ ਸਾਡੇ ਸਾਹਮਣੇ ਹਨ—ਉਹ ਜਨ ਸੰਘ ਅਤੇ ਅਕਾਲੀ ਪਾਰਟੀਆਂ ਵਰਗੀਆਂ ਫਿਰਕਾਪ੍ਰਸਤ ਪਾਰਟੀਆਂ ਨੂੰ ਵਿਧਾਨ ਵਿਚ ਸਿਆਸੀ ਮਾਨਤਾ ਦੇਣਾ, ਇਸ ਤੋਂ ਵੀ ਅਗਾਂਹ ਫਿਰਕਾਪ੍ਰਸਤੀ ਅਤੇ ਧਾਰਮਕ ਜਨੂੰਨ ਫੈਲਾਉਣ ਅਤੇ ਇਨ੍ਹਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦੇ ਦੋ ਵੱਡੇ ਥੰਮ ਹਨ—ਅਲੀਗੜ੍ਹ ਯੂਨੀਵਰਸਿਟੀ ਨੂੰ ਮੁਸਲਮਾਨ ਯੂਨੀਵਰਸਿਟੀ ਵਜੋਂ ਅਤੇ ਬਨਾਰਸ ਵਿਸ਼ਵ ਵਿਦਿਆਲੇ ਨੂੰ ਹਿੰਦੂ ਵਿਸ਼ਵ ਵਿਦਿਆਲੇ ਵਜੋਂ ਮਾਨਤਾ ਦੇਣਾ। ਹੋਰ ਵੀ ਕਈ ਸੰਭਾਵਨਾਵਾਂ ਮੌਜੂਦ ਹਨ ਜਿਨ੍ਹਾਂ ਕਰਕੇ ਇਥੇ ਲਗਾਤਾਰ ਧਰਮ ਨਿਰਪੱਖਤਾ ਦਾ ਮਖੌਲ ਉਡਾਇਆ ਜਾਂਦਾ ਰਿਹਾ ਹੈ।

## ਦਲਿਤ ਵਰਗ ਅਤੇ ਫਿਰਕੂ ਲਹਿਰਾਂ :

ਭਾਰਤ ਦੇ ਦਲਿਤ ਵਰਗਾਂ ਦੇ ਬੁਲਾਰਿਆਂ ਅਤੇ ਆਗੂਆਂ ਵਲੋਂ ਪੰਜਾਬ ਦੀ ਫਿਰਕੂ ਲਹਿਰ ਨੂੰ ਹਿੰਦੂ ਬ੍ਰਾਹਮਣਵਾਦ ਵਿਰੁਧ ਅੰਦੋਲਨ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਦਲਿਤ ਵਰਗ ਦੇ ਆਗੂਆਂ ਨੇ ਭਾਰਤ ਵਿਚ ਮਨੂਵਾਦ ਅਤੇ ਬ੍ਰਾਹਮਣਵਾਦ ਨੂੰ ਦਲਿਤ ਵਰਗਾਂ ਦੇ ਸਭ ਤੋਂ ਵੱਡੇ ਦੁਸ਼ਮਣ ਐਲਾਨਿਆ ਹੈ। ਉਨ੍ਹਾਂ ਨੇ ਅੱਜ ਦੇ ਵਿਗਿਆਨਕ ਯੁਗ ਵਿਚ ਅਜੇ ਇਹ ਵੀ ਨਹੀਂ ਸਮਝਿਆ

ਕਿ ਜਮਾਤੀ ਸਮਾਜ ਵਿਚ ਉਹੀ ਸ਼ਰੇਣੀਆਂ ਸ਼ਾਸਨ ਕਰਦੀਆਂ ਹਨ ਜਿਨ੍ਹਾਂ ਦੇ ਹੱਥਾਂ ਵਿਚ ਪੈਦਾਵਾਰੀ ਸਾਧਨ ਮੌਜੂਦਾ ਹੁੰਦੇ ਹਨ। ਭਾਰਤ ਅਤੇ ਭਾਰਤ ਤੋਂ ਬਾਹਰ ਉਠ ਰਹੀਆਂ ਫਿਰਕੂ ਲਹਿਰਾਂ ਦੀ ਭਿਆਨਕ ਗੜਬੜ ਨੂੰ ਇਕ ਪਾਸੇ ਰੱਖ ਕੇ—ਭਾਰਤ ਦੇ ਦਲਿਤ ਵਰਗਾਂ ਦੇ ਆਗੂ ਆਪਣਾ ਸਾਰਾ ਜ਼ੋਰ ਮਨੂਵਾਦ ਅਤੇ ਹਿੰਦੂ ਬ੍ਰਾਹਮਣਵਾਦ ਦਾ ਭੰਡੀ ਪ੍ਰਚਾਰ ਕਰਨ ਤੇ ਲਾ ਰਹੇ ਹਨ। 23 ਅਗਸਤ 1984 ਨੂੰ ਦਿੱਲੀ ਵਿਖੇ, ਪੰਜਾਬ ਵਿਚੋਂ ਫੌਜ ਦੀ ਵਾਪਸੀ ਅਤੇ ਜਮਹੂਰੀ ਹੱਕਾਂ ਦੀ ਬਹਾਲੀ ਬਾਰੇ ਹੋਈ ਸੁਰਵ ਭਾਰਤੀ ਕਨਵੈਨਸ਼ਨ ਵਿਚ ਬੰਗਲੌਰ ਤੋਂ ਆਏ ਦਲਿਤ ਵਰਗ ਦੇ ਆਗੂ ਨੇ ਪੰਜਾਬ ਵਿਚ ਸਿੱਖ ਜਨੂੰਨੀਆਂ ਵਲੋਂ ਚਲਾਈ ਜਾ ਰਹੀ ਫਿਰਕੂ ਲਹਿਰ ਦਾ ਇਹ ਕਹਿ ਸਮਰਥਨ ਕੀਤਾ ਕਿ ਇਹ ਲਹਿਰ ਹਿੰਦੂਆਂ ਦੇ ਬ੍ਰਾਹਮਣਵਾਦ ਵਿਰੁਧ ਲੜਾਈ ਹੈ। ਅੱਜ ਦੇ ਪੂੰਜੀਵਾਦ ਅਤੇ ਸਾਮਰਾਜੀ ਯੁਗ ਅੰਦਰ—ਜਦੋਂ ਭਾਰਤ ਦੇ ਸਮਾਜਕ ਪ੍ਰਬੰਧ ਉਤੇ ਸਰਮਾਏਦਾਰੀ, ਜਗੀਰਦਾਰੀ ਅਤੇ ਵਿਦੇਸ਼ੀ ਇਜਾਰੇਦਾਰੀ ਕਾਬਜ਼ ਹੋਵੇ, ਦਲਿਤ ਵਰਗਾਂ ਦੇ ਆਗੂਆਂ ਵੱਲੋਂ ਮਰ ਰਹੇ ਹਿੰਦੂ ਬ੍ਰਾਹਮਣਵਾਦ ਅਤੇ ਮਨੂ ਨੂੰ ਸਭ ਤੋਂ ਵੱਡਾ ਦੁਸ਼ਮਣ ਪ੍ਰਚਾਰਣ ਤੇ ਸਾਰਾ ਜ਼ੋਰ ਲਾਈ ਜਾਣਾ ਕਿੱਡੀ ਹਾਸੋਹੀਣੀ ਗੱਲ ਲਗਦੀ ਹੈ। ਪੰਜਾਬ ਦੀ ਫਿਰਕੂ ਲਹਿਰ ਬਾਰੇ ਚੁਪ ਰਹਿ ਕੇ ਜਾਂ ਇਹਦਾ ਐਲਾਨੀਆਂ ਸਮਰਥਨ ਕਰਕੇ ਦਲਿਤ ਵਰਗਾਂ ਦੇ ਆਗੂ ਅਸਲ ਵਿਚ ਵਿਦੇਸ਼ੀ ਸਾਮਰਾਜ ਦੀ ਹੀ ਸੇਵਾ ਕਰ ਰਹੇ ਹਨ। ਧੋਤੀ, ਟੋਪੀ ਅਤੇ ਜਨੇਊ ਵਾਲਾ ਬ੍ਰਾਹਮਣਵਾਦ ਤਾਂ ਮਰ ਰਿਹਾ ਹੈ—ਇਹ ਹੁਣ ਪਹਿਲਾਂ ਵਾਂਗ ਖਤਰਨਾਕ ਵੀ ਨਹੀਂ ਰਿਹਾ। ਅੱਜ ਸਿੱਖ ਧਰਮ ਦੀ ਪੁਨਰ ਸੁਰਜੀਤੀ (Revivalism) ਨੇ ਹੀ ਪੰਜ ਕੱਕਿਆਂ ਵਾਲੇ ਜਿਹੜੇ ਘਿਨਾਉਣੇ ਅਤੇ ਖੂੰਖਾਰ ਨਵੀਨ ਬ੍ਰਾਹਮਣਵਾਦ ਨੂੰ ਜਨਮ ਦਿਤਾ ਹੈ, ਉਹ ਸੱਚਮੁਚ ਹੀ ਬੜਾ ਭਿਆਨਕ ਅਤੇ ਖਤਰਨਾਕ ਹੈ—ਇਹ ਤਲਖ ਹਕੀਕਤ ਸਾਡੇ ਦਲਿਤ ਵਰਗ ਦੇ ਆਗੂਆਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

ਜੇ. ਐਸ. ਚੌਹਾਨ ਨੇ ਭਾਰਤ ਦੀ ਮੌਜੂਦ ਸਥਿਤੀ ਬਾਰੇ ਠੀਕ ਹੀ ਕਿਹਾ ਹੈ, 'ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਸਚ ਮੁੱਚ ਹੀ ਇਕ ਮਹਾਨ ਅਤੇ ਵਿਲੱਖਣ ਦੇਸ਼ ਹੈ, ਜਿਥੇ ਬੇ-ਸ਼ੁਮਾਰ ਧਰਮਾਂ ਤੇ ਅਕੀਦਿਆਂ ਨੂੰ ਮੰਨਣ ਵਾਲੇ ਲੋਕ ਵਸਦੇ ਹਨ। ਪਰ ਭਾਰਤੀ ਕੌਮ ਦੀ ਸਭ ਤੋਂ ਵਡੀ ਬਦਕਿਸਮਤੀ ਇਹ ਹੈ ਕਿ ਜਿਥੇ ਕੁਦਰਤ ਨੇ ਉਹਨੂੰ ਹਫੀਜ਼ ਸਾਹਿਬ (ਇਕ ਪ੍ਰਸਿਧ ਉਰਦੂ ਸ਼ਾਇਰ) ਦੇ ਸ਼ਬਦਾਂ ਵਿਚ ਬਹੁਤ ਕੁਝ ਬਖਸ਼ਿਆ, ਉਥੇ ਇਕ ਬਹੁਤ ਵਡੀ ਬੁਰਾਈ ਵੀ ਇਸੇ ਕੌਮ ਦੇ ਕੁਝ ਫਿਰਕਿਆਂ ਕੋਲ ਹੀ ਹੈ—ਉਹ ਹੈ ਆਪਸ ਵਿਚ ਵੀ ਫੁਟ (ਇਹ ਫੁਟ ਕਦੇ ਧਰਮ ਦੇ ਨਾਂ ਤੇ ਅਤੇ ਕਦੇ ਫਿਰਕਿਆਂ ਦੇ ਨਾਂ ਤੇ ਪੈਦਾ ਹੁੰਦੀ ਰਹੀ ਹੈ) ਇਸ ਫੁਟ ਕਰਕੇ ਹੀ ਸਾਡਾ ਦੇਸ਼ ਸਦੀਆਂ ਤਕ ਗੈਰ ਕੌਮਾਂ (ਸਾਮਰਾਜੀ ਤਾਕਤਾਂ) ਦਾ ਲੰਬੇ ਸਮੇਂ ਤਕ ਗੁਲਾਮ ਰਿਹਾ ਹੈ। ਪਿਛੋਂ ਇਸੇ ਫੁਟ ਦੇ ਸਿਟੇ ਵਜੋਂ ਹੀ ਦੇਸ਼ ਦਾ ਬਟਵਾਰਾ ਹੋਕੇ ਪਾਕਿਸਤਾਨ ਤੇ ਬੰਗਲਾ ਦੇਸ਼ ਬਣੇ—ਅਜ ਭਾਰਤ ਵਿਚ ਜੋ ਕੁਝ ਕਸ਼ਮੀਰ ਤੋਂ ਲੈ ਕੇ ਕੰਨਿਆਂ ਕੁਮਾਰੀ ਤਕ ਹੋ ਰਿਹਾ ਹੈ, ਉਸ ਪਿਛੇ ਵੀ ਇਹ ਫੁਟ ਦਾ ਜਜ਼ਬਾ ਹੀ ਕੰਮ ਕਰ ਰਿਹਾ ਹੈ। ਤੁਸੀਂ ਇਹ ਜਾਣਕੇ ਹੈਰਾਨ ਹੋਵੋਗੇ ਕਿ ਇਹ 'ਫੁਟ' ਅਤੇ ਮਤ ਭੇਦਾਂ ਦਾ ਗੁਣ ਜਾਂ ਔਗਣ ਅਸੀਂ ਲੋਕ ਸੱਤ ਸਮੁੰਦਰ ਪਾਰ ਵੀ ਆਪਣੇ ਨਾਲ ਹੀ ਲੈ ਕੇ ਆਏ ਹਾਂ। ਅਜ ਇੰਗਲੈਂਡ ਵਿਚ ਵਸਦੇ ਏਸ਼ੀਅਨ ਅਤੇ ਭਾਰਤੀ ਜਿੰਨੀਆਂ ਵੱਖ ਵੱਖ ਇਕਾਈਆਂ ਵਿਚ ਵੰਡੇ ਹੋਏ ਹਨ, ਦੁਨੀਆਂ ਦੀ ਦੂਜੀ ਕੋਈ ਕੌਮ ਇਹ ਦਾ ਤਸੱਵਰ ਵੀ ਨਹੀਂ ਕਰ ਸਕਦੀ—ਅਤੇ ਕੇਵਲ ਵੰਡੇ ਹੋਏ ਹੀ ਨਹੀਂ ਸਗੋਂ ਦੇਸ਼ ਨਾਲੋਂ ਵੀ ਕਿਤੇ ਵਧ ਇਕ ਦੂਜੇ ਵਿਰੁਧ ਭੰਡੀ ਪ੍ਰਚਾਰ ਕਰ ਰਹੇ ਹਾਂ। ਭਰਾ ਭਰਾ ਨੂੰ ਕੱਟ ਰਿਹਾ ਹੈ, ਦੁਨੀਆਂ ਸਾਡੇ ਤੇ ਹੱਸ ਰਹੀ ਹੈ।'

## ਮੁਕਤੀ ਦਾ ਰਾਹ ਅਤੇ ਫੌਰੀ ਕਾਰਜ—

ਭਾਰਤ ਦੇ ਮਿਹਨਤਕਸ਼ ਲੋਕਾਂ ਦੇ ਪੈਰਾਂ ਵਿਚ ਪਈਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਦਾ ਇਕੋ ਇਕ ਦਰੁਸਤ ਰਾਹ ਹੈ, ਸਾਮਰਾਜੀ ਦਿਓ ਤਾਕਤਾਂ, ਜਗੀਰਦਾਰੀ ਤੇ ਦਲਾਲ ਸਰਮਾਏਦਾਰੀ ਵਿਰੁਧ ਇਨਕਲਾਬ। ਜਿੰਨਾ ਚਿਰ ਲੋਕਾਂ ਨੂੰ ਦੋ ਅੱਤ ਮਹਾਂ ਸ਼ਕਤੀਆਂ ਅਤੇ ਇਸਦੇ ਭਾਰਤੀ ਜੋਟੀਦਾਰਾਂ ਵਿਰੁਧ ਇਕ ਜ਼ਬਰਦਸਤ ਲੜਾਈ ਵਿਚ ਸ਼ਾਮਲ ਨਹੀਂ ਕਰ ਲਿਆ ਜਾਂਦਾ ਉਹਨਾਂ ਚਿਰ ਤਕ ਲੋਕਾਂ ਨੂੰ ਦੇਸੀ ਅਤੇ ਵਿਦੇਸ਼ੀ ਲੁਟੇਰਿਆਂ ਤੋਂ ਮੁਕਤ ਨਹੀਂ ਕਰਵਾਇਆ ਜਾ ਸਕਦਾ। ਇਹਦੇ ਅਨੁਸਾਰ ਹੀ ਸਾਨੂੰ ਪੰਜਾਬ ਅੰਦਰ ਖੇਡੀ ਜਾ ਰਹੀ ਇਸ ਖ਼ੂਨੀ ਖੇਡ ਦਾ ਮੁਕਾਬਲਾ ਕਰਨ ਲਈ ਫੌਰੀ ਕਾਰਜ ਨਿਰਧਾਰਤ ਕਰਨਾ ਪੈਣਾ ਹੈ। ਪੰਜਾਬ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਉਹਨਾਂ ਸਾਰੀਆਂ ਸ਼ਕਤੀਆਂ ਦੇ ਵਿਰੁਧ ਆਵਾਜ਼ ਉਠਾਉਣ ਲਈ ਅਤੇ ਜਮਾਤੀ ਸੰਘਰਸ਼ ਤੇਜ਼ ਕਰਨ ਲਈ ਇਕ ਮੁਠ ਹੋ ਜਾਣਾ ਚਾਹੀਦਾ ਹੈ ਜਿਹੜੀਆਂ ਸਾਮਰਾਜ ਦੀ ਸ਼ਹਿ ਤੇ ਦੇਸ਼ ਦੇ ਟੁਕੜੇ ਟੁਕੜੇ ਕਰਨਾ ਚਹੁੰਦੀਆਂ ਹਨ, ਜੋ ਦੇਸ਼ ਦੀ ਏਕਤਾ ਬਚਾਉਣ ਦਾ ਦੰਭੀ ਨਾਅਰਾ ਦੇ ਰਹੀਆਂ ਹਨ।

ਜਿਥੇ ਇਕ ਧਿਰ ਦਾ ਇਹ ਮਣਸ਼ਾ ਹੈ ਕਿ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਉਭਾਰਕੇ, ਪੰਜਾਬ ਨੂੰ ਇਕ

ਵਾਰ ਫੇਰ ਹਿੰਦੂ ਸਿਖ ਦੰਗਿਆਂ ਦਾ ਖ਼ੂਨੀ ਅਖਾੜਾ ਬਣਾਇਆ ਜਾਵੇ ਉਥੇ ਦੂਸਰੀ ਧਿਰ ਚਾਹੁੰਦੀ ਹੈ ਕਿ ਸਿੱਖ ਆਤੰਕਵਾਦ ਦਾ ਹਊਆ ਦਿਖਾਕੇ ਫ਼ੌਜੀ ਲੋਹ ਪੰਜੇ ਨਾਲ ਆਪਣਾ ਲੋਟੂ ਰਾਜ ਕਾਇਮ ਰਖਿਆ ਜਾਵੇ। ਇਸ ਲਈ ਫਿਰਕੂ ਸ਼ਕਤੀਆਂ ਦਾ ਵਿਰੋਧ ਕਰਨਾ ਫੌਜੀ ਰਾਜ ਵਿਰੁਧ ਵਿਸ਼ਾਲ ਲਾਮਬੰਦੀ ਕਰਨੀ, ਜਮਾਤੀ ਸੰਘਰਸ਼ ਨੂੰ ਲਾਮਬੰਦ ਕਰਨਾ ਅਤੇ ਪ੍ਰੈਸ ਸੈਂਸਰਸ਼ਿਪ ਅਤੇ ਕਾਲੇ ਆਰਡੀਨੈਂਸਾਂ ਦਾ ਵਿਰੋਧ ਕਰਨਾ ਜਮਹੂਰੀ ਸ਼ਕਤੀਆਂ ਦਾ ਮੁੱਖ ਫਰਜ਼ ਹੈ ਤੇ ਉਹ ਫਰਜ਼ ਤਾਂ ਹੀ ਸਹੀ ਨਿਭਾਇਆ ਜਾ ਸਕਦਾ ਹੈ, ਜੇ ਅਸੀਂ ਸਿਧਾਂਤਕ ਤੌਰ ਤੇ ਫਿਰਕਾਪ੍ਰਸਤੀ ਬਾਰੇ ਬਿਲਕੁਲ ਸਾਫ਼ ਹੋਈਏ।

ਹਵਾਲੇ—


1. ਮਧਕਾਲੀ ਯੂਰਪੀ ਸਮਾਜ — ਡਾ. ਫੌਜਾ ਸਿੰਘ
2. ਯੂਰਪ ਵਿਚ ਪੁਨਰ ਜਾਗ੍ਰਤੀ ਤੇ ਧਰਮ ਸੁਧਾਰ ਲਹਿਰ — ਡਾ. ਫੌਜਾ ਸਿੰਘ
3. ਪੰਜਾਬ ਕੇਸਰੀ — ਕੁਲਦੀਪ ਨਈਅਰ
4. ਪੰਜਾਬ ਦੇ ਦੁਖਾਂਤ ਦਾ ਪ੍ਰਵਾਸੀਆਂ ਤੇ ਅਸਰ ('ਅਜੀਤ' ਵਿਚੋਂ) — ਜੇ. ਐਸ. ਚੌਹਾਨ


## *ਫਿਰਕਾਪ੍ਰਸਤੀ ਦੀਆਂ ਜੜ੍ਹਾਂ*

ਕਰਿਡ ਵਿਚਾਰ ਮੰਚ ਚੰਡੀਗੜ੍ਹ

ਪਿਛਲੇ ਕੁਝ ਸਮੇਂ ਤੋਂ ਵੱਖ ਵੱਖ ਧਿਰਾਂ ਵਲੋਂ ਫਿਰਕਾਪ੍ਰਸਤੀ ਦੀ ਸਮੱਸਿਆ ਨੂੰ ਸਮਝਣ ਵੱਲ ਜੋ ਉਪਰਾਲਾ ਕੀਤਾ ਜਾ ਰਿਹਾ ਹੈ, ਹੱਥਲਾ ਲੇਖ ਉਸੇ ਲੜੀ ਨੂੰ ਅੱਗੇ ਤੋਰਦੇ ਹੋਏ ਇਕ ਨਿਗੂਣਾ ਯਤਨ ਹੈ।

ਪਿਛਲੇ ਸਮੇਂ ਦੌਰਾਨ ਇਸ ਸਮਸਿਆ ਬਾਰੇ ਵੱਖ ਵੱਖ ਧਿਰਾਂ ਵਲੋਂ ਜੋ ਵਿਆਖਿਆਵਾਂ ਲੇਖਾਂ ਰਾਹੀਂ ਵਿਚਾਰ ਵਟਾਂਦਰੇ ਰਾਹੀਂ ਉਭਰ ਕੇ ਸਾਹਮਣੇ ਆਈਆਂ ਹਨ, ਉਨ੍ਹਾਂ ਨੇ ਕੁਝ ਬੁਨਿਆਦੀ ਸੁਆਲ ਉਠਾਏ ਸਨ ਜਿਨ੍ਹਾਂ ਦੀ ਡੂੰਘਾਈ ਵਿਚ ਜਾਣਾ ਬਹੁਤ ਜ਼ਰੂਰੀ ਹੈ। ਇਸ ਸਮਝ ਅਨੁਸਾਰ ਫ਼ਿਰਕਪ੍ਰਸਤੀ ਵੱਖ ਵੱਖ ਧਰਮਾਂ ਦੀਆਂ ਆਪਸ ਵਿਰੋਧੀ ਧਾਰਮਿਕ ਰਵਾਇਤਾਂ ਅਤੇ ਧਰਮ ਦੇ ਆਧਾਰ ਤੇ ਵਿਤਕਰੇ ਵਿਚੋਂ ਜਨਮ ਲੈਂਦੀ ਹੈ। ਜੇ ਇਸ ਪਰਿਭਾਸ਼ਾ ਨੂੰ ਮੰਨ ਲਿਆ ਜਾਵੇ ਤਾਂ ਇਸ ਤੋਂ ਸਿੱਧੇ ਤੌਰ ਤੇ ਇਹ ਸਿੱਟੇ ਨਿਕਲਦੇ ਹਨ—

(1) ਧਾਰਮਕ ਫਿਰਕਿਆਂ ਦੇ ਹਿੱਤ ਧਰਮ ਦੇ ਆਧਾਰ ਤੇ ਜੁੜੇ ਹਨ ਤੇ ਉਹ ਸਾਰੇ ਧਾਰਮਿਕ ਫਿਰਕੇ ਨੂੰ ਇਕੱਠਾ ਕਰਦੇ ਹਨ;

(2) ਫਿਰਕਾਪ੍ਰਸਤੀ ਇਕ ਧਾਰਮਿਕ ਫਿਰਕੇ ਦੀ ਕੀਮਤ ਤੇ ਦੂਜੇ ਧਾਰਮਿਕ ਫਿਰਕੇ ਦੇ ਹਿੱਤਾਂ ਦੀ ਰਾਖੀ ਤੇ ਪੂਰਤੀ ਕਰਦੀ ਹੈ;

(3) ਵੱਖ ਵੱਖ ਧਰਮਾਂ ਦਾ ਹੋਣਾ ਹੀ ਧਾਰਮਿਕ ਫਿਰਕਿਆਂ ਦਾ ਆਪਸ ਵਿਰੋਧੀ ਹੋਣ ਦਾ ਕਾਰਣ ਹੈ;

(4) ਹਿੰਦੂ, ਸਿੱਖ, ਮੁਸਲਮਾਨ ਆਦਿ ਲੋਕਾਂ ਦੇ ਵੱਖ ਵੱਖ ਆਰਥਿਕ, ਸਭਿਆਚਾਰਕ, ਸਮਾਜਕ ਤੇ ਰਾਜਸੀ ਹਿੱਤ ਹਨ।

ਇੰਨਾਂ ਸਿਟਿਆਂ ਤੋਂ ਕੀ ਭਾਵ ਨਿਕਲਦਾ ਹੈ—

ਜੇਕਰ ਧਾਰਮਿਕ ਫਿਰਕਿਆਂ ਦੇ ਹਿੱਤ ਧਰਮ ਦੇ ਆਧਾਰ ਤੇ ਜੁੜੇ ਹਨ ਤਾਂ ਹਿੰਦੂ, ਸਿੱਖ ਜਾਂ ਹੋਰ ਧਾਰਮਿਕ ਫਿਰਕਿਆਂ ਦੇ ਆਰਥਕ, ਰਾਜਸੀ, ਸਭਿਆਚਾਰਕ ਤੇ ਸਮਾਜਿਕ ਹਿੱਤ ਵੀ ਵੱਖ ਵੱਖ ਹੀ ਹੋਣਗੇ। ਇਹ ਧਾਰਣਾ ਸਿੱਧੇ ਤੌਰ ਤੇ ਇਹ ਮੰਨਣਾ ਹੈ ਕਿ ਧਾਰਮਿਕ ਫਿਰਕੇ ਆਪਣੇ ਆਪ ਵਿਚ ਸਮਾਨ ਰੂਪ ਇਕਾਈ (homogenous) ਹਨ। ਪਰ ਕੀ ਵੱਖ ਵੱਖ ਧਰਮਾਂ ਦੇ ਕਾਰੀਗਰਾਂ; ਮਜ਼ਦੂਰਾਂ ਦਾ ਧਰਮ ਦੇ ਇਲਾਵਾ ਆਪਸ ਵਿਚ ਕੋਈ ਵੱਖਰੇਵਾਂ ਹੈ ਤੇ ਆਪਣੇ ਧਰਮ ਦੇ ਪੂੰਜੀਪਤੀਆਂ ਨਾਲ ਕੁਝ ਸਾਂਝ ਹੈ? ਇਹਦਾ ਜਵਾਬ ਹੈ ਨਹੀਂ। ਇਕੋ ਧਾਰਮਿਕ ਫਿਰਕੇ ਦੇ ਲੋਕਾਂ ਦੇ ਧਾਰਮਿਕ ਹਿੱਤ ਸਾਂਝੇ ਹੋਣ ਇਹ ਫੇਰ ਵੀ ਮੰਨਿਆਂ ਜਾ ਸਕਦਾ ਹੈ। ਪਰ ਫਿਰਕਾ-ਪ੍ਰਸਤ ਹਮੇਸ਼ਾ ਇੰਨਾਂ ਹਿੱਤਾਂ ਨੂੰ ਹੀ ਅਧਾਰ ਬਣਾ ਕੇ ਆਪੋ ਆਪਣੇ ਫਿਰਕੇ ਵਿਚ ਇਹ ਪ੍ਰਚਾਰਦੇ ਹਨ ਕਿ ਉਨ੍ਹਾਂ ਦੇ ਆਰਥਿਕ ਤੇ ਰਾਜਸੀ ਹਿੱਤ ਵੀ, ਧਰਮ ਵਾਂਗ, ਦੂਜਿਆਂ ਫਿਰਕਿਆਂ ਨਾਲੋਂ ਵੱਖ ਹਨ। ਉਪਰਲੇ ਅਧਾਰ ਤੇ ਬਣਾਈ ਗਈ ਰਾਏ ਤੇ ਲਾਮਬੰਦੀ ਸਰਾਸਰ ਫਿਰਕੂ ਹੈ। ਜੇਕਰ ਕਿਸੇ ਲਹਿਰ ਦਾ ਮੰਤਵ ਕੇਵਲ ਧਾਰਮਿਕ ਹੱਕ ਦੀ ਰਾਖੀ ਹੋਵੇ, ਜਿਹੜਾ ਕਿ ਇਕ ਸੰਵਿਧਾਨਕ ਹੱਕ ਹੈ, ਤਾਂ ਉਹ ਫਿਰਕੂ ਨਹੀਂ। ਪਰ ਜੇਕਰ ਧਾਰਮਿਕ ਹਿੱਤਾਂ ਦੇ ਨਾਂ ਤੇ ਲਾਮਬੰਦੀ ਕੀਤੀ ਜਾਂਦੀ ਹੋਵੇ ਜਿਹੜੀ ਕਿ ਲਹਿਰ ਦੇ ਜਮਾਤੀ ਆਰਥਿਕ ਤੇ ਰਾਜਸੀ ਹਿੱਤਾਂ ਦੀ ਪੂਰਤੀ ਲਈ ਹੈ ਤਾਂ ਲਹਿਰ ਦਾ ਖਾਸਾ ਫਿਰਕੂ ਹੈ। ਇਸ ਤਰ੍ਹਾਂ ਦੀ ਲਹਿਰ ਸਮੁੱਚੇ ਧਾਰਮਿਕ ਫਿਰਕੇ ਦੇ ਹਿੱਤ ਵਿਚ ਨਹੀਂ ਹੈ। ਪਰ ਇਸ ਦੌਰਾਨ ਧਾਰਮਿਕ ਹਿੱਤਾਂ ਨੂੰ ਇਸ ਤਰ੍ਹਾਂ ਉਭਾਰਿਆ ਜਾਂਦਾ ਹੈ ਕਿ ਆਮ ਲੋਕਾਂ ਵਿਚ ਸੱਚਾਈ ਨੂੰ ਧੁੰਧਲਾ ਕੇ ਉਨ੍ਹਾਂ ਦੀ ਇਸੇ ਗੱਲ ਵਿਚ ਵਿਸ਼ਵਾਸ ਪੱਕਾ ਕਰ ਦਿੰਦੀ ਹੈ। ਇਸ ਤਰ੍ਹਾਂ ਦੀ ਲਾਮ-ਬੰਦੀ ਲੋਕ ਵਿਰੋਧੀ ਹੈ ਜਿਸ ਤਰ੍ਹਾਂ ਕਿ ਅਕਾਲੀ ਪਾਰਟੀ ਦੀ ਧਰਮ ਦੇ ਨਾਂ ਤੇ ਕੀਤੀ ਲਾਮਬੰਦੀ ਨੇ ਨਾ ਸਿਰਫ ਛੋਟੀ ਤੇ ਦਰਮਿਆਨੀ ਕਿਸਾਨੀ ਦੇ ਦਰਪੇਸ਼ ਅਸਲੀ ਮਸਲਿਆਂ ਨੂੰ ਧੁੰਧਲਾਇਆ ਹੈ ਬਲਕਿ ਪੂਰੀ ਕਿਸਾਨੀ ਤੋਂ

ਨਖੇੜ ਕੇ 'ਸਿੱਖ ਕਿਸਾਨੀ' ਦੇ 'ਹਿੱਤਾਂ' ਦੀ ਗੱਲ ਕੀਤੀ ਹੈ। ਪਾਣੀ ਦੀ ਲੋੜ ਸਾਰੀ ਕਿਸਾਨੀ ਦੀ ਲੋੜ ਹੈ ਨਾ ਕਿ ਸਿੱਖ ਕਿਸਾਨੀ ਦੀ। ਅੱਜ ਜੇਕਰ ਪੰਜਾਬ ਤੇ ਹਰਿਆਣੇ ਦਾ ਕਿਸਾਨ ਆਪਣੀਆਂ ਮੰਗਾਂ ਤੇ ਹਿੱਤ ਵੱਖ ਵੱਖ ਸਮਝਦਾ ਹੈ ਤਾਂ ਇਹ ਫਿਰਕੂ ਰਾਜਨੀਤੀ ਦੀ ਹੀ ਦੇਣ ਹੈ ਜਿਹੜੀ ਲੋਕਾਂ ਵਿਚ ਸੱਚਾਈ ਨੂੰ ਧੁੰਦਲਾ ਕਰਦੀ ਹੈ। ਇਸੇ ਧੁੰਦਲੀ ਸੋਚ ਦਾ ਸ਼ਿਕਾਰ ਹੋ ਕੇ ਮੁਸਲਮਾਨ ਮਾਲਕ ਦੇ ਕਾਰਖਾਨ ਵਿਚ ਕੰਮ ਕਰ ਰਿਹਾ ਮੁਸਲਮਾਨ ਮਜ਼ਦੂਰ ਆਪਣੇ ਆਪ ਨੂੰ ਮਾਲਕ ਨਾਲ ਇਕਮਿਕ ਹੋਇਆ ਵੱਧ ਸੁਰੱਖਿਅਤ ਮਹਿਸੂਸ ਕਰਦਾ ਤੇ ਇਸੇ ਭੁਲੇਖੇ ਅਧੀਨ ਦੂਜੇ ਧਰਮ ਦੇ ਮਜ਼ਦੂਰ ਨਾਲੋਂ ਆਪਣੇ ਆਪ ਨੂੰ ਵੱਖਰਾ ਮਹਿਸੂਸ ਕਰ ਸਕਦਾ ਹੈ। ਇਸ ਤੋਂ ਇਹ ਤੱਤ ਕੱਢਣਾ ਕਿ ਇਹ ਸੋਚ ਸਹੀ ਹੈ ਤੇ ਫਿਰਕੂ ਨਹੀਂ ਇਕ ਬੁਨਿਆਦੀ ਗ਼ਲਤੀ ਹੋਵੇਗੀ। ਇਸੇ ਹੀ ਤਰ੍ਹਾਂ ਜੇਕਰ ਅਸੀਂ ਇਹ ਕਹਿੰਦੇ ਹਾਂ ਕਿ ਮੁਗ਼ਲ ਰਾਜ ਵੇਲੇ ਮੁਸਲਮਾਨ ਰਿਆਇਆ ਆਪਣੇ ਆਪ ਨੂੰ ਹਿੰਦੂ ਰਿਆਇਆ ਤੋਂ ਵੱਧ ਸੁਰੱਖਿਅਤ ਮਹਿਸੂਸ ਕਰਦੀ ਸੀ ਤਾਂ ਇਹ ਮੁਸਲਮਾਨ ਰਿਆਇਆ ਦਾ ਭਰਮ ਸੀ ਕਿਉਂਕਿ ਇਤਿਹਾਸ ਗਵਾਹ ਹੈ ਕਿ ਮੁਗ਼ਲ ਹੁਕਮਰਾਨਾਂ ਨੇ ਆਪਣੇ ਰਾਜ ਕਾਇਮ ਰੱਖਣ ਖਾਤਰ ਹਿੰਦੂ ਉਚ ਸ਼ਰੇਣੀ (nobility) ਨੂੰ ਕਦੇ ਵੱਖ ਕਰਕੇ ਨਹੀਂ ਜਾਣਿਆ। ਇਹ ਧਾਰਣਾ ਨਿਰਮੂਲ ਹੈ ਕਿ ਇਕੋ ਰਾਜ ਵੇਲੇ ਸਾਧਾਰਣ ਮਜ਼ਦੂਰ ਹਿੰਦੂ ਰਿਆਇਆ ਤੇ ਹਿੰਦੂ ਉਚ ਵਰਗ ਇਕੋ ਵਰਤਾਰੇ ਅਧੀਨ ਸੀ ਤੇ ਸਾਧਾਰਣ ਮੁਸਲਮਾਨ ਉਨ੍ਹਾਂ ਤੇ ਰਾਜ ਕਰ ਰਿਹਾ ਸੀ। ਜੇਕਰ ਧਰਮਾਂ ਦੇ ਅਧਾਰ ਤੇ ਹੀ ਰਾਜਸੀ ਹਿੱਤ ਮਿੱਥੇ ਜਾਂਦੇ ਹਨ ਤਾਂ ਸਾਡੇ ਜਮਹੂਰੀ ਢਾਂਚੇ ਅੰਦਰ ਵੀ ਲੋਕ ਸਿਰਫ਼ ਤੇ ਸਿਰਫ਼ ਆਪਣੇ ਹੀ ਫ਼ਿਰਕੇ ਦੇ ਉਮੀਦਵਾਰ ਨੂੰ ਵੋਟ ਦਿੰਦੇ ਤੇ ਜੇਤੂ ਸਿਰਫ਼ ਆਪਣੇ ਫਿਰਕੇ ਦੇ ਲੋਕਾਂ ਦੇ ਹੀ ਹਿੱਤ ਪੂਰਦਾ ਤੇ ਦੂਜਿਆਂ ਨੂੰ ਹੋਰ ਥੱਲੇ ਲਾਣ ਵਿਚ ਯਤਨਸ਼ੀਲ ਰਹਿੰਦਾ। ਅਸੀਂ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਸਾਡੇ ਮੁਲਕ ਵਿਚ ਧਰਮ ਜਾਂ ਜਾਤ ਦੇ ਨਾਂ ਤੇ ਵੋਟ ਪਾਈ ਹੀ ਨਹੀਂ ਜਾਂਦੀ। ਸਗੋਂ ਬਹੁਤ ਵਾਰੀ ਇਸ ਤਰ੍ਹਾਂ ਹੁੰਦਾ ਹੈ। ਇਹ ਸੌੜੇ ਹਿੱਤਾਂ ਦੀ ਪੂਰਤੀ, ਫਿਰਕੂ ਲੀਹਾਂ ਤੇ ਲਾਮਬੰਦੀ ਤੇ ਫਿਰਕੂ ਰਾਜਨੀਤੀ ਦਾ ਕੋਝਾ ਅਕਸ ਹੈ। ਇਸੇ ਲਈ ਘੱਟ ਗਿਣਤੀ ਫਿਰਕਾਪ੍ਰਸਤ ਦੀਆਂ ਨਜ਼ਰਾਂ ਵਿਚ ਜਮਹੂਰੀਅਤ ਬਹੁਗਿਣਤੀ ਫਿਰਕੇ ਦਾ ਰਾਜ ਹੈ। ਸਮਾਜਿਕ ਸੱਚਾਈ ਨੂੰ ਪਰਖਣ ਲਈ ਬਾਰ ਬਾਰ 'ਹਿੰਦੂ ਹਿੱਤ' 'ਸਿੱਖ ਹਿੱਤ' ਵਰਗੀ ਵੰਡ ਆਪਣੇ ਆਪ ਵਿਚ ਫਿਰਕੂ ਹੈ ਤੇ ਜੇਕਰ ਇਕ ਧਾਰਾ ਨੂੰ ਪਰਖਣ ਦਾ ਮਾਪਦੰਡ ਹੀ ਠੀਕ ਨਹੀਂ ਤਾਂ ਕੋਈ ਹੱਲ ਸੰਭਵ ਨਹੀਂ। ਜੇਕਰ ਗੱਲ ਇਕ ਫਿਰਕੂ ਲੀਡਰ ਨੂੰ ਸਾਰੀ 'ਕੌਮ' ਦਾ ਲੀਡਰ ਮੰਨ ਕੇ ਸ਼ੁਰੂ ਕੀਤੀ ਜਾਏ ਤੇ ਸਿੱਖ ਜਾਂ ਹਿੰਦੂ ਫਿਰਕਾਪ੍ਰਸਤ ਨੂੰ ਸਾਰੇ ਸਿੱਖ ਜਾਂ ਹਿੰਦੂ ਹਿੰਦੂ ਫਿਰਕੇ ਦਾ ਪ੍ਰਤੀਨਿਧ ਮੰਨ ਲਿਆ ਜਾਏ ਜਾਂ ਫਿਰਕੂ ਰਾਜਸੀ ਹਿੱਤ ਨੂੰ ਫਿਰਕੇ ਦਾ ਰਾਜਸੀ ਹਿੱਤ ਮੰਨ ਲਿਆ ਜਾਏ ਤਾਂ ਇਸਦਾ ਅਰਥ ਫਿਰਕੂ ਮਾਪਦੰਡ ਨੂੰ ਸਵੀਕਾਰ ਕਰਨਾ ਹੈ। ਦੂਜੇ ਪਾਸੇ ਜੇਕਰ ਫਿਰਕੂ ਆਰਥਕ, ਰਾਜਸੀ ਹਿੱਤ ਨਾ ਮੰਨੇ ਜਾਣ ਤਾਂ ਫਿਰਕਾਪ੍ਰਸਤ ਕਦੇ ਵੀ ਆਪਣੇ ਸਾਰੇ ਧਾਰਮਿਕ ਫਿਰਕੇ ਦਾ ਪ੍ਰਤੀਨਿਧ ਨਹੀਂ ਮੰਨਿਆ ਜਾ ਸਕਦਾ।

ਦੂਜੀ ਗੱਲ ਕਿ ਫਿਰਕਾਪ੍ਰਸਤੀ ਇਕ ਧਾਰਮਿਕ ਫਿਰਕੇ ਦੀ ਕੀਮਤ ਤੇ ਦੂਜੇ ਧਾਰਮਿਕ ਫਿਰਕੇ ਦੇ ਹਿੱਤਾਂ ਦੀ ਰਾਖੀ ਤੇ ਪੂਰਤੀ ਕਰਦੀ ਹੈ ਗਲਤ ਧਾਰਣਾ ਹੈ। ਫਿਰਕਾਪ੍ਰਸਤੀ ਕਦੇ ਵੀ ਪੂਰੇ ਧਾਰਮਿਕ ਫਿਰਕੇ ਦੇ ਹਿੱਤ ਪੂਰੇ ਨਹੀਂ ਕਰਦੀ ਤੇ ਨਾ ਹੀ ਕਰ ਸਕਦੀ ਹੈ। ਫਿਰਕਾ-ਪ੍ਰਸਤੀ ਸਾਡੀ ਜਮਾਤੀ ਦੁਸ਼ਮਣ ਹੀ ਨਹੀਂ ਕੁਲ ਲੁਕਾਈ ਦੀ ਤੇ ਮਨੁੱਖਤਾ ਦੀ ਦੁਸ਼ਮਣ ਹੈ ਤੇ ਇਨ੍ਹਾਂ ਹੀ ਨਹੀਂ ਇਹ ਧਰਮ, ਜਿਸਦੇ ਕਿ ਹਿੱਤਾਂ ਦੀ ਰਾਖੀ ਦਾ ਦਾਅਵਾ ਕਰਦੀ ਹੈ, ਦੀ ਵੀ ਦੁਸ਼ਮਣ ਹੈ। ਸਿਰਫ਼ ਕੁਝ ਵਿਅਕਤੀ ਇਸਦਾ ਫਾਇਦਾ ਉਠਾਂਦੇ ਹਨ ਜਿਹੜਾ ਕਿ ਦੂਜੇ ਧਰਮ ਦੇ ਫਿਰਕਾਪ੍ਰਸਤ ਦੀ ਫਿਰਕੂ ਧਾਰਣਾ ਹੋਰ ਪੱਕੀ ਕਰਦਾ ਹੈ। ਜੇਕਰ ਇਕ ਨੌਕਰੀ ਇਕ 'ਸਿੱਖ' ਉਮੀਦਵਾਰ ਨੂੰ ਮਿਲਦੀ ਹੈ ਤਾਂ ਹਿੰਦੂ ਫਿਰਕਾਪ੍ਰਸਤ ਇਸਨੂੰ ਰਿਆਇਤ ਮੰਨਦਾ ਹੈ ਪਰ ਜੇਕਰ ਨੌਕਰੀ 'ਹਿੰਦੂ' ਉਮੀਦਵਾਰ ਨੂੰ ਜਾਂਦੀ ਹੈ ਤੇ ਸਿੱਖ ਫਿਰਕਾਪ੍ਰਸਤ ਇਸ ਮਿਸਾਲ ਨੂੰ ਅਧਾਰ ਮੰਨ ਕੇ ਆਪਣੇ ਪੂਰੇ ਧਾਰਮਿਕ ਫਿਰਕੇ ਨਾਲ ਵਿਤਕਰਾ ਮੰਨਦਾ ਹੈ। ਇਥੋਂ ਇਹ ਭਾਵ ਨਹੀਂ ਹੈ ਕਿ ਧਰਮ, ਜਾਤ ਜਾਂ ਪ੍ਰਾਂਤ ਦੇ ਨਾਂ ਤੇ ਕਦੇ ਵਿਤਕਰਾ ਨਹੀਂ ਹੁੰਦਾ ਜੋ ਕਿ ਕੁਝ ਸਰਕਾਰੀ ਨੁਮਾਇੰਦਿਆਂ ਦਾ ਅਤੇ ਵਿਅਕਤੀਆਂ ਦੀ ਸੋਚ ਦਾ ਨਤੀਜਾ ਹੈ। ਪਰ ਇਹ ਕੋਈ ਸਮੁਚੇ ਫਿਰਕੇ ਦੇ ਖਿਲਾਫ ਜਾਂ ਹਿੱਤ ਵਿਚ ਨਹੀਂ ਤੇ ਨਾ ਇਹ ਸੱਭ ਦੀ ਸੋਚ ਹੋ ਸਕਦੀ ਹੈ। ਇਸਦੀ ਹਾਨੀਕਾਰਕ ਜਾਂ ਫਾਇਦੇਮੰਦ ਪਹੁੰਚ ਵਿਅਕਤੀਆਂ ਤੱਕ ਹੀ ਸੀਮਤ ਹੈ ਤੇ ਇਸੇ ਹੀ ਕਰਕੇ ਫਿਰਕਾਪ੍ਰਸਤੀ ਦੀ ਸਮਾਜਕ ਮਾਨਤਾ ਵੀ ਹੈ। ਸੋ ਫਿਰਕਾਪ੍ਰਸਤੀ ਕਿਸੇ ਧਾਰਮਿਕ ਫਿਰਕੇ ਦੇ ਹਿੱਤ ਪੂਰਾ ਨਹੀਂ ਕਰਦੀ ਸਗੋਂ ਇਕ ਐਸੀ ਵਿਚਾਰਧਾਰਾ ਹੈ ਜਿਸਦੇ ਵਿਚ ਆਪਣੇ ਨਿਰੰਤਰ ਵਿਕਾਸ ਤੇ ਤੱਤ ਹਨ। ਇਕ ਧਾਰਮਿਕ ਫਿਰਕੇ ਦੀ ਫਿਰਕਾਪ੍ਰਸਤੀ ਦੂਜੇ ਧਾਰਮਿਕ ਫਿਰਕੇ ਦੀ ਫਿਰਕਾਪ੍ਰਸਤੀ ਨੂੰ ਸ਼ਹਿ ਦੇਂਦੀ ਤੇ ਵਧਾਂਦੀ ਹੈ ਅਤੇ ਨਤੀਜੇ ਦੇ ਤੌਰ ਤੇ ਇਸ ਦੀ ਜੜ੍ਹ ਹੋਰ ਡੂੰਘੀ ਹੁੰਦੀ ਹੈ। ਇਸੇ ਲਈ ਫਿਰਕਾਪ੍ਰਸਤੀ ਦਾ ਹਲ ਇਸ ਦੇ ਪੂਰੀ ਤਰ੍ਹਾਂ ਨਾਲ ਖਾਤਮੇ ਵਿਚ ਹੈ

ਨਾ ਕਿ ਇਕ ਧਾਰਮਕ ਫਿਰਕੇ ਨੂੰ ਜਿਹੜਾ ਭਾਵੇਂ ਘੱਟ ਗਿਣਤੀ ਹੈ ਜਾਂ ਬਹੁ-ਗਿਣਤੀ, ਕਿਸੇ ਕਿਸਮ ਦੀਆਂ ਰਿਆਇਤਾ ਦੇਣ ਵਿਚ ਹੈ । ਰਿਆਇਤਾਂ ਦੇ ਅਧਾਰ ਤੇ ਅਪਣਾਈ ਕੋਈ ਵੀ ਪਹੁੰਚ ਫਿਰਕਾਪ੍ਰਸਤੀ ਨੂੰ ਹੋਰ ਹਵਾ ਦੇਣ ਦੇ ਇਲਾਵਾ ਕੁਝ ਵੀ ਨਹੀਂ ਕਰਦੀ। ਇਸ ਤਰ੍ਹਾਂ ਦੀ ਕੋਈ ਵੀ ਮੰਗ ਕਿ ਕਿਉਂਕਿ ਹਰਦਵਾਰ ਨੂੰ ਪਵਿੱਤਰ ਨਗਰੀ (holy city) ਦਾ ਰੁਤਬਾ ਮਿਲਿਆ ਹੋਇਆ ਹੈ ਇਸ ਲਈ ਅੰਮ੍ਰਿਤਸਰ ਨੂੰ ਵੀ ਇਹ ਰੁਤਬਾ ਮਿਲਣਾ ਚਾਹੀਦਾ ਹੈ ਘਾਤਕ ਹੈ, ਮੰਗਾਂ ਤਾਂ ਇਹ ਚਾਹੀਦੀ ਹੈ ਕਿ ਹਰਦਵਾਰ ਜਾ ਅਜਿਹੀਆਂ ਹੋਰ ਥਾਵਾਂ ਤੋਂ ਵੀ ਖਤਮ ਕਰ ਦਿਤਾ ਜਾਏ। ਅਸੀਂ ਇਸ ਗੱਲ ਦੇ ਹੱਕ ਵਿਚ ਵੀ ਹਾਂ ਕਿ ਸਰਕਾਰ ਦੇਵੀ ਪ੍ਰਸਥਾਨ ਐਕਟ, ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਤੇ ਵਕਫ਼ ਬੋਰਡ ਐਕਟ ਖਤਮ ਕਰ ਦੇਵੇ ਤਾਂ ਕਿ ਸਰਕਾਰ ਕਿਸੇ ਵੀ ਧਾਰਮਿਕ ਕਾਰ ਗੁਜ਼ਾਰੀ ਦਾ ਹਿੱਸਾ ਨਾ ਬਣ ਸਕੇ ਤੇ ਧਰਮ ਦੇ ਠੇਕੇਦਾਰ ਆਪਣੇ ਧਾਰਮਕ ਸਮੂਹ ਦੇ ਨੈਤਕ ਵਰਤਾਰੇ ਦੇ ਆਪ ਜ਼ਿੰਮੇਵਾਰ ਹੋਣ । ਧਰਮ ਦੇ ਅਧਾਰ ਤੇ ਰਿਆਇਤ ਦੀ ਮੰਗ ਜਾਂ ਸਮਰਥਨ ਫਿਰਕੂ ਸ਼ਕਤੀਆਂ ਨੂੰ ਤਾਕਤਵਰ ਬਨਾਣਾ ਹੈ। ਇਹੋ ਜਿਹੀ ਦਲੀਲ ਕਿ *ਅਕਾਲੀ ਪਾਰਟੀ* ਜੋ ਕਿ ਰੀਜਨਲ ਬੁਰਜੁਆਜ਼ੀ ਦੀ ਪਾਰਟੀ ਹੈ, ਇਸ ਕਰਕੇ ਅਗਾਂਹ ਵਧੂ ਰੋਲ ਰਖਦੀ ਹੈ ਤੇ ਇਸ ਲਈ ਇਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ, ਇਕ ਭਾਰੀ ਗਲਤੀ ਹੈ। ਇਸ ਪਾਰਟੀ ਦੀ ਕਾਰਗੁਜ਼ਾਰੀ ਫਿਰਕੂ ਲੀਹਾਂ ਤੇ ਹੈ ਤੇ ਇਸ ਪਾਰਟੀ ਲਈ ਕੋਈ ਰਿਆਇਤ ਮੰਗਣੀ ਜਮਹੂਰੀ ਸ਼ਕਤੀਆਂ ਲਈ ਹਰ ਤਰ੍ਹਾਂ ਨਾਲ ਆਤਮਘਾਤੀ ਹੈ। ਇਸੇ ਤਰ੍ਹਾਂ ਹੀ ਫ਼ੌਜੀ ਕਾਰਵਾਈ ਤੋਂ ਬਾਦ ਬੱਸਾਂ ਵਿਚ ਸਿਰਫ਼ ਸਿਖ ਯਾਤਰੂਆਂ ਦੀ ਤਲਾਸ਼ੀ ਤੇ ਨਾਲ ਹੀ ਫ਼ੌਜੀ ਕਾਰਵਾਈ ਦੇ ਫ਼ੌਰਨ ਬਾਦ ਰੇਡੀਓ ਤੇ ਹਰਮੰਦਰ ਸਾਹਿਬ ਤੋਂ ਹਰ ਰੋਜ਼ ਕੀਰਤਨ ਰੀਲੇਅ ਦੋਨੋਂ ਧਰਮਾਂ ਦੇ ਫਿਰਕਾ ਪ੍ਰਸਤਾਂ ਕੋਲ ਫਿਰਕੂ ਰਾਏ ਲਾਮਬੰਦ ਕਰਨ ਦੀਆਂ ਵਧੀਆ ਮਿਸਾਲਾ ਹਨ, ਤੇ ਨਾਲ ਹੀ ਇਹ ਸਰਕਾਰ ਤੇ ਸਰਕਾਰੀ ਨੁਮਾਇੰਦਿਆਂ ਦੀ ਫਿਰਕਾ ਪ੍ਰਸਤੀ ਵੱਲ ਵੀ ਪੂਰੀ ਝਾਤ ਪਾਂਦੀਆਂ ਹਨ ਇਥੇ ਅਸੀਂ ਭਾਰਤੀ ਸਟੇਟ ਦੇ ਰੋਗ ਵੱਲ ਇਕ ਵਾਰੀ ਫੇਰ ਆਂਦੇ ਹਾਂ। ਸਟੇਟ ਆਰਥਕ ਤੌਰ ਤੇ ਭਾਰੂ ਜਮਾਤ ਦਾ ਹਥਠੋਕਾ ਹੈ। ਇਹੀ ਜਮਾਤ ਆਪਣੀ ਆਰਥਕ ਸ਼ਕਤੀ ਨਾਲ ਸਟੇਟ ਨੂੰ ਵਰਤਦੇ ਹੋਏ ਰਾਜਨੀਤੀ ਵਿਚ ਵੀ ਸਭ ਤੋਂ ਵੱਧ ਹਾਵੀ ਜਮਾਤ ਹੋ ਨਿਬੜਦੀ ਹੈ ਤੇ ਫੇਰ ਸਟੇਟ ਵਲੋਂ ਪ੍ਰਾਪਤ ਕੀਤੇ ਇਹਨਾਂ ਹੱਕਾਂ ਨਾਲ ਲੁਟੀਆਂ ਜਾ ਰਹੀਆਂ ਜਮਾਤਾਂ ਦਾ ਦਮਨ ਹੋਰ ਤਿਖੇਰਾ ਕਰਦੀ ਹੈ। ਪਰ ਨਾਲ ਹੀ ਸਟੇਟ ਆਰਥਕ ਜਮਾਤ ਜਮਾਤਾਂ ਤੇ ਨਿਰੀ ਪੂਰੀ ਅਧਾਰਤ ਨਹੀਂ । ਸਟੇਟ ਦੀਆਂ ਦੋ ਉਦਾਹਰਣਾ ਹਨ। ਪਹਿਲੀ ਵਿਚ ਆਰਥਕ ਤੌਰ ਤੇ ਹਾਵੀ ਜਮਾਤ ਦਾ ਸਟੇਟ ਅਤੇ ਸਮਾਜ ਤੇ ਦਬਾਅ ਰਾਜ ਕਰ ਰਹੀ ਜਮਾਤ ਦੀ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ ਤੇ ਦੋਵਾਂ ਵਿਚ ਇਕ ਸੁਰਤਾ ਹੈ। ਇਸ ਤਰ੍ਹਾਂ ਦਾ ਰਾਜ ਪੂੰਜੀਪਤੀ ਦਾ ਰਾਜ ਹੈ। ਦੂਜੀ ਵਿਚ ਪੂੰਜੀਪਤੀ ਸਮਾਜ ਵਿਚ ਜਿਥੇ ਕਿ ਰਾਜਸੱਤਾ ਕੇਵਲ ਇਕ ਜਮਾਤ ਕੋਲ ਨਾ ਹੋ ਕੇ ਵੱਖ ਵੱਖ ਜਮਾਤਾਂ ਕੋਲ ਹੈ ਤੇ ਹਾਕਮ ਜਮਾਤਾਂ ਦਾ ਕੁਝ ਪਹਿਲੂਆਂ ਤੇ ਮੱਤ ਭੇਦ ਹੈ। *ਇਸ ਕਿਸਮ ਦਾ ਰਾਜ ਪੂੰਜੀ ਦਾ ਰਾਜ ਹੈ।* ਇਸ ਵਿਚ ਸਟੇਟ ਦੀ ਮੁਕਾਬਲਤਨ ਖੁਦਮੁਖਤਿਆਰੀ (relative autonamy) ਵੱਧ ਹੁੰਦੀ ਹੈ। ਭਾਰਤੀ ਸਟੇਟ ਹਾਕਮ ਜਮਾਤਾਂ ਦੇ ਹਿੱਤਾਂ ਦੀ ਰਾਖੀ ਕਰਦੀ ਹੈ ਪਰ ਇਥੇ ਕਿਉਂਕਿ ਰਾਜ ਕਰ ਰਹੀ ਜਮਾਤ ਕੋਈ ਇਕ ਨਹੀਂ ਬਲਕਿ ਰਾਜ ਸੱਤਾ ਕੁਲਕਾਂ, ਪੇਂਡੂ ਸਰਮਾਏਦਾਰਾਂ, ਵਪਾਰੀਆਂ ਦੇ ਹੱਥ ਹੈ, ਸਟੇਟ ਇਹਨਾਂ ਸਾਰਿਆਂ ਦਾ *ਸਾਂਝਾ ਹਿਤ—ਮੁਨਾਫ਼ਾ ਤੇ ਨਿਜੀ ਪੂੰਜੀ—*ਨੂੰ ਬਚਾਂਦੀ ਹੈ। ਇਥੇ ਅਸਲ ਸ਼ਬਦਾਂ ਵਿਚ ਪੂੰਜੀ ਦਾ ਰਾਜ ਹੈ। ਹੁਣ ਰਾਜ ਕਰ ਰਹੀਆਂ ਤਾਕਤਾਂ ਦੇ ਕੁਝ ਜਾਂ ਕਾਫ਼ੀ ਮਾਤਰਾ ਵਿਚ ਬੰਦੇ ਵਿਅਕਤੀਗਤ ਤੌਰ ਤੇ ਆਪਣੇ ਸਵਾਰਥੀ ਹਿੱਤਾਂ ਲਈ ਫਿਰਕਾਪ੍ਰਸਤੀ ਨੂੰ ਵਰਤਦੇ ਹਨ। ਇਸ ਕਾਰ ਵਿਹਾਰ ਵਿਚ ਫਿਰਕੂ ਪਾਲੀਟੀ ਵੀ ਉਹਨਾਂ ਨੂੰ ਮਦਦ ਦਿੰਦੀ ਹੈ। ਇਸ ਕਰਕੇ ਭਾਰਤੀ ਸਟੇਟ ਇਕ ਕਮਜ਼ੋਰ ਧਰਮਨਿਰਪੱਖ (weak secular) ਸਟੇਟ ਹੈ ਪਰ ਨਿਰੋਲ ਫਿਰਕੂ ਸਟੇਟ ਨਹੀਂ* । ਇਸ ਲਈ ਕਿਉਂਕਿ ਫਿਰਕਾਪ੍ਰਸਤੀ ਕੇਵਲ ਵਿਅਕਤੀਗਤ ਪੂੰਜੀ ਪਤੀਆਂ ਦੇ ਕੁਝ ਹਿੱਤ ਪੂਰ ਸਕਦੀ ਹੈ। ਪਰ ਫਿਰਕਾ-ਪ੍ਰਸਤੀ ਪੂੰਜੀਪਤੀ ਦੀ ਜਮਾਤੀ ਲੋੜ ਨਹੀਂ। ਪੂੰਜੀ ਦੇ ਪਸਾਰ ਨਾਲ ਜਿਥੇ ਪਸਾਰਵਾਦ ਜਾਂ ਬਸਤੀਵਾਦ ਇਤਿਹਾਸਕ ਤੌਰ ਤੇ ਅਟਲ ਸੀ ਉੱਥੇ ਫਿਰਕਾਪ੍ਰਸਤੀ ਨਹੀਂ ਹੈ। ਕਿਉਂਕਿ ਇਹ ਸਰਮਾਏਦਾਰੀ ਦੇ ਹਿੱਤ ਵਿਚ ਨਹੀਂ । ਇਹ ਵਿਅਕਤੀਗਤ ਤੌਰ ਤੇ ਕਿਸੇ ਇਕ ਸਰਮਾਏਦਾਰ ਜਾਂ ਸਰਮਾਏਦਾਰਾਂ ਦੇ ਸਮੂਹ ਵਲੋਂ ਆਪਣੇ ਵਕਤੀ ਹਿਤਾਂ ਵਾਸਤੇ ਵਰਤੀ ਜਾ ਸਕਦੀ ਪਰ ਇਹ ਸਮੁੱਚੀ ਸਰਮਾਏਦਾਰ ਜਮਾਤ ਦੀ ਲੋੜ ਨਹੀਂ ਸਰਮਾਏਦਾਰਾਂ ਵਲੋਂ ਵਰਤੀ ਜਾ ਸਕਦੀ ਹੈ। ਸਰਮਾਏ-

*ਅਸੀਂ ਮੁੜ ਮੁੜ ਇਹ ਸਵਾਲ ਉਠਾ ਰਹੇ ਹਾਂ ਮਕਸਦ ਇਹੀ ਹੈ ਕਿ ਅਸੀਂ ਸਟੇਟ, ਪਾਲੀਟੀ ਤੇ ਸਟੇਟ ਦੇ ਨੁਮਾਇੰਦਿਆਂ ਦੇ ਫ਼ਰਕ ਤੇ ਇਹਨਾਂ ਦੇ ਆਪਸੀ ਸੰਬੰਧ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਤੇ ਇਸ ਤੇ ਉਸਾਰੂ ਬਹਿਸ ਅਰੰਭੀ ਜਾਵੇ।

ਦਾਰੀ ਦੇ ਨੇਮਾਂ ਅਨੁਸਾਰ ਵਧ ਲਾਭ ਲਈ ਸਰਮਾਏਦਾਰ ਮੰਡੀ ਨੂੰ ਕਿਸੇ ਵੀ ਧਾਰਮਿਕ ਅਧਾਰ ਤੇ ਵੰਡਣਾ ਨਹੀਂ ਚਾਹੇਗਾ। ਭਾਰਤ ਦਾ ਪੂੰਜੀਪਤੀ ਤਾਂ ਸਗੋਂ ਪਸਾਰਵਾਦ ਵਲ ਕਦਮ ਵਧਾ ਰਿਹਾ ਹੈ ਤੇ ਨਿੱਕੇ ਮੁਲਕਾਂ ਵਿਚ ਹੋਰ ਮੰਡੀਆਂ ਭਾਲ ਰਿਹਾ ਹੈ। ਸੋ ਰਾਜ ਪੂੰਜੀ ਦਾ ਰਾਜ ਹੈ ਧਾਰਮਿਕ ਫਿਰਕਿਆਂ ਦਾ ਨਹੀਂ। ਇਸੇ ਤਰ੍ਹਾਂ ਹੀ ਇਹ ਕਹਿਣਾ ਕਿ ਭਾਰਤੀ ਸਟੇਟ ਤੇ ਬਿਰਲਾ ਮਾਰਵਾੜੀ, ਪਾਰਸੀ ਟਾਟਾ ਜਾਂ ਬਾਣੀਆ ਗੋਇਨਕਾ ਜਾਂ ਬ੍ਰਾਹਮਣ ਪੂਰੀ ਤਰ੍ਹਾਂ ਹਾਵੀ ਹੈ ਇਹ ਗਲਤ ਧਾਰਣਾ ਹੈ। ਭਾਰਤੀ ਸਟੇਟ ਤੇ ਹਾਵੀ ਹੈ ਪੂੰਜੀਪਤੀ ਬਿਰਲਾ, ਪੂੰਜੀਪਤੀ ਟਾਟਾ। ਜੇਕਰ ਸਟੇਟ ਮਾਰਵਾੜੀਆਂ ਜਾਂ ਬਾਣੀਆਂ ਦੀ ਫਿਰਕੂ ਪੂੰਜੀਵਾਦੀ ਸਟੇਟ ਹੁੰਦੀ ਤਾਂ ਸੰਵਿਧਾਨ ਨਫੇ ਦਾ ਹੱਕ ਵੀ ਸਿਰਫ ਮਾਰਵਾੜੀਆਂ ਨੂੰ ਹੀ ਦਿੰਦਾ। ਮੁੜ ਮੁੜ ਕੇ ਮਾਰਵਾੜੀ, ਬਾਣੀਆਂ ਆਦਿ ਵਰਗੀਆਂ ਕੈਟੇਗਰੀਆਂ ਵਰਤਣੀਆਂ ਕਿੰਨੀਆਂ ਘਾਤਕ ਹੋ ਸਕਦੀਆਂ ਹਨ ਸ਼ਾਇਦ ਅਸੀਂ ਇਸ ਗਲ ਨੂੰ ਨਹੀਂ ਸਮਝ ਰਹੇ। ਸਾਰੀ ਉਨੀਵੀਂ ਸਦੀ ਦੌਰਾਨ, ਫਾਸ਼ੀਵਾਦ ਦੀ ਉਤਪਤੀ ਨਾਲ ਆਰੀਆ ਲੋਕਾਂ ਨੇ ਯਹੂਦੀ ਬੈਂਕਰਾ ਫਾਇਨੈਂਸਰਾ ਤੇ ਵੱਡੇ ਵਪਾਰੀਆਂ ਦੇ ਉੱਚੇ ਅਹੁਦਿਆਂ ਨੂੰ ਵਰਤਦੇ ਹੋਏ ਪੂਰੀ ਯਹੂਦੀ ਕੌਮ ਦੇ ਆਰਥਕਤਾ ਤੇ ਹਾਵੀ ਹੋਣ ਦੇ ਡਰ ਨੂੰ ਪ੍ਰਚਾਰਣਾ ਸ਼ੁਰੂ ਕੀਤਾ। ਨੈਸ਼ਨਲ ਸੋਸ਼ਲਿਸਟਾਂ ਨੇ ਇਕ ਚਾਲ ਵਜੋਂ ਪੂੰਜੀਵਾਦ ਦੇ ਵਿਰੁਧ ਲੜਾਈ ਨੂੰ ਯਹੂਦੀ ਨਸਲ ਵਿਰੁੱਧ ਲੜਾਈ ਵਿਚ ਤਬਦੀਲ ਕਰਨ ਦਾ ਨਾਰਾ ਦਿੱਤਾ। ਇਥੋਂ ਤਕ ਕਿ 1931 ਵਿਚ ਗੋਏਬਲਜ਼ ਨੇ ਇਹ ਐਲਾਨ ਕਰ ਦਿਤਾ ਕਿ--ਸੋਸ਼ਲਿਜ਼ਮ ਸਿਰਫ ਯਹੂਦੀਆਂ ਦਾ ਵਿਰੋਧ ਕਰਨ ਨਾਲ ਹੀ ਉਸਾਰਿਆ ਜਾ ਸਕਦਾ ਹੈ ਤੇ ਕਿਉਂਕਿ ਅਸੀਂ ਸੋਸ਼ਲਿਜ਼ਮ ਚਾਹੁੰਦੇ ਹਾਂ ਇਸ ਕਰਕੇ ਅਸੀਂ ਯਹੂਦੀਆਂ ਦੇ ਖ਼ਿਲਾਫ਼ ਹਾਂ।

ਤੇ ਇਸ ਤਰ੍ਹਾਂ ਯਹੂਦੀ ਵਿਰੋਧ ਜੋ ਕਿ ਇਕ ਪੈਂਤੜਾ ਚਾਲ ਵਜੋਂ ਅਪਣਾਇਆ ਗਿਆ ਦਾ ਅੰਤ ਪੂਰੀ ਯਹੂਦੀ ਕੌਮ ਦੇ ਅਣਮਨੁਖੀ ਅਤਿਆਚਾਰ ਤੇ ਮੁਕਿਆ। ਇਥੇ ਹੀ ਬਸੀ ਨਹੀਂ ਇਸ ਸਾਰੀ ਲੜਾਈ ਦੌਰਾਨ ਆਰੀਆ ਪੂੰਜੀਪਤੀ ਤੇ ਬੈਂਕਰ ਅਰਾਮ ਨਾਲ ਬੇਲਾਗ ਬਚ ਨਿਕਲੇ। ਇਸੇ ਲਈ ਇਸ ਗਲ ਨੂੰ ਦੁਹਰਾਣਾ ਬਾਰ ਬਾਰ ਜ਼ਰੂਰੀ ਹੈ ਕਿ ਸਾਡੀ ਲੜਾਈ ਸਮੁੱਚੇ ਪੂੰਜੀਵਾਦ ਨਾਲ ਹੈ ਨਾ ਕਿ ਬਾਣੀਆਂ, ਮਾਰਵਾੜੀਆਂ ਜਾਂ ਬ੍ਰਾਹਮਣ ਪੂੰਜੀਪਤੀਆਂ ਹਨ।

ਅਗਲੀ ਗੱਲ ਕਿ ਵੱਖ ਵੱਖ ਧਰਮਾਂ ਦਾ ਹੋਣਾ ਹੀ ਧਾਰਮਿਕ ਫਿਰਕਿਆਂ ਦੇ ਆਪਸ ਵਿਰੋਧੀ ਹੋਣ ਦਾ ਕਾਰਣ ਹੈ ਤੇ ਜਿੱਥੇ ਵੱਖ ਵੱਖ ਧਰਮ ਹੋਣਗੇ ਉਥੇ ਫਿਰਕਾਪ੍ਰਸਤੀ ਹੋਵੇਗੀ ਇਹ ਗਲਤ ਧਾਰਨਾ ਹੈ ਤੇ ਇਹ ਕਹਿਣਾ ਵੀ ਗ਼ਲਤ ਹੋਵੇਗਾ ਕਿ ਵੱਖ ਵੱਖ ਧਰਮਾਂ ਦੇ ਮੁੱਢ ਕਦੀਮ ਤੋਂ ਝਗੜੇ ਹੁੰਦੇ ਆਏ ਹਨ ਤੇ ਇਨ੍ਹਾਂ ਦਾ ਇਤਿਹਾਸ ਆਪਣਾ ਰੋਲ ਅਦਾ ਕਰਦਾ ਹੈ ਤੇ ਵੱਖ ਵੱਖ ਧਰਮਾਂ ਦਾ ਸਭਿਆਚਾਰਕ ਵਿਰਸਾ ਵੱਖ ਹੈ ਆਦਿ। ਇਹ ਧਾਰਨਾਵਾਂ ਫਿਰਕਾਪ੍ਰਸਤੀ ਦਾ ਕਾਰਨ ਨਹੀਂ ਬਲਕਿ ਫਿਰਕੂ ਸੋਚ ਦੇ ਕੁਝ ਅੰਗ ਹਨ ਜਿਹੜੇ ਬਹੁਤੇ ਵਾਰੀ ਇਤਿਹਾਸਕਾਰਾਂ ਦੇ ਸੱਚਾਈ ਨੂੰ ਬਿਆਨ ਨਾ ਕਰ ਸਕਣ ਤੇ ਤੱਥਾਂ ਨੂੰ ਤੋੜ ਮੋੜ ਕੇ ਪੇਸ਼ ਕਰਨ ਦੇ ਨਤੀਜੇ ਵਜੋਂ ਉਪਜੇ ਹਨ। ਫਿਰਕਾਪ੍ਰਸਤੀ ਜਮਾਤੀ ਚੇਤਨਾ ਜਾਂ ਸਾਮਰਾਜਵਾਦ ਵਿਰੁੱਧ ਲੜਾਈ ਵਾਂਗ ਕਿਸੇ ਅਸਲੀ ਵਿਰੋਧ ਤੇ ਅਧਾਰਤ ਨਹੀਂ ਸਗੋਂ ਧਾਰਮਿਕ ਫਿਰਕਿਆਂ ਦੇ ਸਾਂਝੇ ਹਿੱਤ ਦੇ ਮਿੱਥ ਤੇ ਅਧਾਰਤ ਹੈ। ਇਸੇ ਕਰਕੇ ਜਿੱਥੇ ਕਿ ਬਸਤੀਵਾਦ ਵਿਰੁੱਧ ਭਾਰਤੀ ਲੋਕਾਂ ਦਾ ਘੋਲ ਕੌਮੀ ਘੋਲ ਦਾ ਅਸਲ ਕਾਰਣ ਸੀ ਉਥੇ ਧਾਰਮਿਕ ਫਿਰਕਿਆਂ ਦਾ ਆਪਸ ਵਿਰੋਧ ਜਿਸਦਾ ਸਹੀ ਅਧਾਰ ਕੋਈ ਨਹੀਂ ਸੀ ਫਿਰਕਾਪ੍ਰਸਤੀ ਦਾ ਅਸਲ ਕਾਰਨ ਨਹੀਂ ਮੌਜੂਦਾ ਫਿਰਕਾਪ੍ਰਸਤੀ ਜੋ ਕਿ ਇਕ ਅਧੁਨਿਕ ਵਿਚਾਰਧਾਰਾ ਹੈ ਧਰਮ ਨੂੰ ਇਸਤੇਮਾਲ ਕਰਦੀ ਹੈ ਆਪਣੇ ਹਿੱਤਾਂ ਦੀ ਪੂਰਤੀ ਲਈ ਤੇ ਜੇਕਰ ਵੱਖ ਵੱਖ ਧਰਮ ਨਾ ਵੀ ਰਹਿਣ ਤਾਂ ਵੀ ਇਹ ਇਸੇ ਤਰ੍ਹਾਂ ਹੀ ਬਰਕਰਾਰ ਰਹਿ ਸਕਦੀ ਹੈ। ਇਸਦੀ ਸ਼ਕਲ ਬਦਲ ਸਕਦੀ ਹੈ ਜਾਂ ਧਰਮ ਦੀ ਥਾਂ ਜ਼ਾਤ ਜਾਂ ਪ੍ਰਾਂਤ ਲੈ ਸਕਦਾ ਹੈ। ਫਿਰਕਾਪ੍ਰਸਤੀ ਦਾ ਅਧਾਰ ਧਰਮ ਵਿਚ ਜ਼ਰੂਰ ਹੈ ਪਰ ਧਰਮ ਇਸ ਦੇ ਜਨਮ ਦਾ ਕਾਰਣ ਨਹੀਂ। ਪਰ ਜਿਸ ਤਰ੍ਹਾਂ ਨਸਲਵਾਦ ਦਾ ਪ੍ਰਤੱਖ ਕਾਰਨ ਤਾਂ ਰੰਗਾਂ ਦਾ ਫਰਕ ਹੈ ਪਰ ਇਹ ਅਸਲੀ ਕਾਰਨ ਨਹੀਂ। ਅਸਲੀ ਕਾਰਨ ਆਰਥਿਕ ਨਾ-ਬਰਾਬਰੀਆਂ ਹਨ। ਜੇਕਰ ਅਸੀਂ ਸਮਾਜ ਨੂੰ ਸਿਰਫ ਪ੍ਰਤੱਖ ਦਿਸ ਰਹੀਆਂ ਆਪਸ ਵਿਚ ਬੇਜੋੜ ਸੱਚਾਈਆਂ ਦਾ ਜੋੜ ਸਮਝਦੇ ਹਾਂ ਤੇ ਇਹ ਉਨ੍ਹਾਂ ਨੇਮਾਂ ਦਾ ਸਰਾਸਰ ਉਲੰਘਣ ਹੈ ਜੋ ਉਨ੍ਹਾਂ ਪ੍ਰਤੱਖ ਸੱਚਾਈਆਂ ਨੂੰ ਸਮਝਾਂਦੇ ਹਨ।

ਹਮੇਸ਼ਾਂ ਹੀ ਇਹ ਕਿਹਾ ਗਿਆ ਕਿ ਫਿਰਕਾਪ੍ਰਸਤੀ ਕੌਮੀਵਾਦ ਤੇ ਜਮਾਤੀ ਚੇਤਨਾ ਵਧਣ ਦੇ ਨਾਲ ਨਾਲ ਆਪ ਹੀ ਖਤਮ ਹੋ ਜਾਏਗੀ ਕਿਉਂਕਿ ਇਸਦਾ ਅਧਾਰ ਅਸਲ ਨਹੀਂ ਹੈ। ਇਸ ਗ਼ਲਤ ਧਾਰਣਾ ਦਾ ਸ਼ਿਕਾਰ ਹੋ ਕੇ ਅਸੀਂ ਨਰੋਈ ਤੇ ਵਿਗਿਆਨਕ, ਸਭਿਆਚਾਰਕ, ਵਿਚਾਰਧਾਰਕ ਤੇ ਰਾਜਨੀਤਕ ਚੇਤਨਤਾ ਦੇ ਵਿਕਾਸ ਨੂੰ ਵਿਉਂਤਬੰਦ ਅਮਲੀ ਜਾਮਾ ਨਹੀਂ ਪਾਇਆ ਜਿਸਦਾ ਸਿੱਟਾ ਇਹ ਹੈ ਕਿ ਅੱਜ ਟਰੇਡ ਯੂਨੀਅਨ ਤੇ ਕਿਸਾਨ ਸਭਾ ਦੇ ਸਰਗਰਮ ਮੈਂਬਰਾਂ ਵਿਚ ਵੀ ਜਾਤੀਵਾਦ ਤੇ ਧਾਰਮਿਕ ਕਟੜਪੰਥੀ ਵਰਗੀਆਂ ਪਿਛਾਂਹ ਖਿੱਚੂ ਸਭਿਆ-ਸਭਿਆਚਾਰਕ ਕੀਮਤਾਂ ਕ਼ਾਇਮ ਹਨ ਤੇ ਫਿਰਕਾਪ੍ਰਸਤੀ ਦੇ ਸੰਕਟ ਵੇਲੇ ਇਹ ਲੋਕ ਵੀ ਆਪਣੇ ਆਪ ਨੂੰ ਨਾ ਸਿਰਫ ਨਾਹੀ ਬਚਾ ਸਕੇ ਸਗੋਂ ਉਸਦਾ ਅੰਗ ਬਣ ਗਏ। ਪੰਜਾਬ ਵਿਚ ਹਾਲ ਵਿਚ ਹੀ ਖੱਬੇ ਪੱਖੀ ਬੁਧੀਜੀਵੀਆਂ ਤੇ ਵਰਕਰਾਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ ਤੇ ਵਿਚਾਰਧਾਰਕ ਮੁਹਾਜ਼ ਤੇ ਹਾਰ ਦਾ ਪ੍ਰਤੱਖ ਪ੍ਰਤੀਕ ਹਨ।

# ਧਰਮ, ਕੌਮ ਅਤੇ ਸਭਿਆਚਾਰ

ਪ੍ਰੋਲੇਤਾਰੀ ਸਟੱਡੀ ਸੈਂਟਰ, ਅੰਮ੍ਰਿਤਸਰ

ਸੰਕਟ ਦੇ ਹਰੇਕ ਦੌਰ ਵਿਚ ਅਨੇਕ ਕਿਸਮ ਦੀਆ ਲਹਿਰਾਂ ਫੁਟਦੀਆਂ ਹਨ ਕਈ ਅਗਾਂਹਵਧੂ ਅਤੇ ਕਈ ਪਿਛਾਹ-ਖਿਚੂ। ਮਧ ਵਰਗ ਇਨ੍ਹਾਂ ਸਾਰੀਆ ਵਿਚ ਸਰਗਰਮ ਹੁੰਦਾ ਹੈ ਤੇ ਤਬਦੀਲੀ ਲਈ ਸੱਭ ਤੋਂ ਵਧ ਅਹੁਲਦਾ ਹੈ ਅਤੇ ਇਸ ਵਰਗ ਦੇ ਬੁੱਧੀਜੀਵੀ ਸੰਕਟ ਕਾਲ ਵਿਚ ਬਹਿਸ ਵਿਚਾਰ ਵਿਚ ਕਾਫੀ ਸਰਗਰਮ ਹੁੰਦੇ ਹਨ। ਏਹੋ ਕੁਝ ਪੰਜਾਬ ਅੰਦਰ ਹੁਣ ਵਾਪਰ ਰਿਹਾ ਹੈ। ਪੰਜਾਬ ਦਾ ਸੰਕਟ ਅਜਾਰੇਦਾਰ ਸਰਮਾਏਦਾਰਾ ਅਰਥਚਾਰੇ ਅੰਦਰ ਆਏ ਕੌਮਾਂਤਰੀ ਸੰਕਟ ਦਾ ਹੀ ਇਕ ਅੰਗ ਹੈ ਪਰ ਇਸ ਨੂੰ ਸੌਖਿਆਂ ਹੱਲ ਕਰਨ ਦੀ ਚੇਸ਼ਟਾ ਨਾਲ ਕੁਝ ਬੁਧੀਜੀਵੀ ਗਰੁਪ ਤੇ ਸੰਸਥਾਵਾਂ ਇਸਦੀ ਵਿਆਖਿਆ ਇਕ ਧਾਰਮਿਕ ਜਾਂ ਕੌਮੀ ਮਸਲੇ ਦੇ ਰੂਪ ਵਿਚ ਕਰ ਰਹੀਆਂ ਹਨ। ਕੋਈ ਦੋ ਸਾਲਾਂ ਤੋਂ ਇਕ ਧਿਰ ਇਸਨੂੰ ਇਕ ਧਾਰਮਿਕ ਸੰਕਟ ਦਾ ਰੂਪ ਦੇ ਰਹੀ ਹੈ ਅਤੇ ਅਸਲੀ ਸਿੰਘਾਂ ਅਤੇ ਮਸੰਦਾਂ ਵਿਚਲੀ ਲੜਾਈ ਸਾਬਤ ਕਰਕੇ ਲੋਕਾਂ ਨੂੰ ਅਸਲੀ ਸਿੰਘ ਬਣਨ ਲਈ ਕਹਿ ਰਹੀ ਹੈ ਇਕ ਗੈਰ ਵਿਗਿਆਨਕ ਪਹੁੰਚ ਨੂੰ ਸਹੀ ਸਾਬਤ ਕਰਨ ਲਈ ਉਹ ਕਿਸੇ ਧਾਰਮਿਕ ਆਗੂ ਬਾਰੇ ਮਾਰਕਸ ਦੀ ਇਸ ਲਾਈਨ ਸੰਦਰਭ ਤੋਂ ਤੋੜ ਕੇ ਵੀ ਦੇ ਰਹੇ ਹਨ। ਇਸ ਤੋਂ ਬਾਅਦ ਕਰਿਡ ਮੰਚ ਚੰਡੀਗੜ੍ਹ ਦੀ ਇਕ ਸਮਝ ਆਈ ਹੈ ਜਿਸ ਮੁਤਾਬਕ ਧਰਮ ਵਿਰੁਧ ਇਕ ਵੱਖਰਾ ਜਹਾਦ ਸ਼ੁਰੂ ਕਰਨ ਦੀ ਲੋੜ ਦਸੀ ਗਈ ਹੈ ਇਨ੍ਹਾਂ ਮੁਤਾਬਕ ਸਮਾਜ ਦੇ ਬਦਲ ਜਾਣ ਨਾਲ ਵੀ ਧਰਮ ਵਿਰੁਧ ਲੜਾਈ ਦੀ ਜ਼ਰੂਰਤ ਰਹੇਗੀ। ਫਿਰ ਆਈ ਹੈ ਸਮਝ ਮਾਰਕਸੀ ਵਿਚਾਰ ਮੰਚ ਦੀ, ਇਸਨੇ ਜਮਾਤਾਂ ਨੂੰ ਧਾਰਮਿਕ ਰੂਪ ਵਿਚ ਵੀ ਲਿਆ ਹੈ ਅਤੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਕ ਧਰਮ ਦੇ ਲੋਕ ਚਾਹੇ ਉਹ ਕਿਸੇ ਵੀ ਜਮਾਤੀ ਦਰਜੇ ਵਿਚੋਂ ਹੋਣ, ਆਪਣੇ ਧਰਮ ਦੇ ਰਾਜ ਦੌਰਾਨ ਖਾਸ ਦਰਜਾ ਰੱਖਦੇ ਹੁੰਦੇ ਹਨ ਅਤੇ ਦੂਜੇ ਧਰਮਾਂ ਦੇ ਉਚੇ ਤਬਕੇ ਵੀ ਨਪੀੜੇ ਰਹਿੰਦੇ ਹਨ। ਉਹ ਮੁਗਲ ਰਾਜ ਦੀ ਉਦਾਹਰਣ ਦੇਂਦੇ ਹਨ ਪਰ ਪਤਾ ਨਹੀਂ ਉਹ ਉਨ੍ਹਾਂ ਦੇ ਹਿੰਦੂ ਸੈਨਾਪਤੀਆਂ ਅਤੇ ਅਹਿਲਕਾਰਾਂ ਨੂੰ ਕਿਉਂ ਭੁਲ ਗਏ ਨੇ। ਕੁਝ ਹੋਰ ਲੋਕ ਨੇ ਜਿਹੜੇ ਕਹਿੰਦੇ ਹਨ ਕਿ ਅਸਲ ਖਤਰਾ ਤਾਂ ਪੰਜਾਬੀ ਸਭਿਆਚਾਰ ਨੂੰ ਹੈ ਤੇ ਸਿੱਖ ਕੌਮ ਦੀ ਥਾਂ ਤੇ ਪੰਜਾਬੀ ਕੌਮ ਦੇ ਨਾਂ ਮੋਰਚਾ ਲਾਉਣਾ ਚਾਹੀਦਾ ਹੈ। ਇਹ ਸਾਰੇ ਵਿਚਾਰਵਾਨ ਆਮ ਤੌਰ ਤੇ ਆਪਣੀ ਜਾਣ ਪਛਾਣ ਮਾਰਕਸਵਾਦੀਆਂ ਦੇ ਤੌਰ ਤੇ ਹੀ ਕਰਾਉਂਦੇ ਹਨ ਪਰ ਆਉ ਵੇਖੀਏ ਕਿ ਇਹ ਤਿੰਨ ਸਟੈਂਡ ਕਿੰਨੇ ਕੁ ਮਾਰਕਸਵਾਦੀ ਹਨ।

## ਧਰਮ ਕੀ ਹੈ ?

ਧਰਮ ਦੀ ਬੁਨਿਆਦ ਸਿਰਫ ਤੇ ਸਿਰਫ ਰੱਬ ਤੇ ਅਧਾਰਤ ਹੈ। ਹਾਕਮ ਜਮਾਤਾਂ ਨੇ ਜਦ ਤੋਂ ਤਾਕਤ (ਹਿੰਸਾ) ਦੇ ਨਾਲ ਬੁਧੀ ਨੂੰ ਹਕੂਮਤ ਕਰਨ ਲਈ ਵਰਤੋਂ ਵਿਚ ਲਿਆਂਦਾ ਹੈ ਉਦੋਂ ਤੋਂ ਹੀ ਧਰਮ ਦੀ ਹੋਂਦ ਪੈਦਾ ਹੋਈ ਹੈ। ਮੰਨੂ ਸਿਮਰਤੀ ਇਸਦੀ ਵਧੀਆ ਮਿਸਾਲ ਹੈ ਜਿਸ ਅਨੁਸਾਰ ਭਗਵਾਨ ਨੇ ਹੀ ਚਾਰਾਂ ਵਰਨਾਂ ਦੀ ਉਤਪਤੀ ਕੀਤੀ ਹੈ। ਰਾਜੇ ਨੂੰ ਰੱਬ ਦਾ ਭੇਜਿਆ ਹੋਇਆ ਦੂਤ ਦਸ ਕੇ ਪਰਜਾ ਨੂੰ ਉਸਦੇ ਵਿਰੁਧ ਬਿਲਕੁਲ ਸੋਚਣ ਦੀ ਕੋਸ਼ਿਸ਼ ਨਾ ਕਰਨ ਦੇਣਾ ਅਤੇ ਅਣਦੇਖੇ ਰੱਬ ਦੇ ਭਿਆਨਕ ਰੂਪਾਂ ਦਾ ਪ੍ਰਚਾਰ ਕਰਕੇ ਮਾਨਸਿਕ ਦਹਿਸ਼ਤ ਪੈਦਾ ਕਰਨਾ ਧਰਮ ਦਾ ਮੂਲ ਮੁਦਾ ਸੀ। ਕੁਝ ਲੋਕ ਕਹਿੰਦੇ ਹਨ ਕਿ ਕਈ ਧਰਮਾਂ ਨੇ ਪੈਦਾ ਹੁੰਦਿਆਂ ਹੀ ਅਗਾਂਹਵਧੂ ਰੋਲ ਕੀਤਾ ਹੈ ਤੇ ਉਹ ਇਨਕਲਾਬੀ ਧਰਮ ਰਹੇ ਹਨ। ਉਹ ਭੁਲ ਜਾਂਦੇ ਹਨ ਕਿ ਅੱਜ ਤੱਕ ਕਿਸੇ ਵੀ ਧਰਮ ਨੇ ਇਹ ਨਹੀਂ ਕਿਹਾ ਕਿ ਬੰਦਾ ਆਪਣੀ ਹੋਣੀ ਦਾ ਆਪ ਮਾਲਕ ਹੈ। ਸਾਰੇ ਧਰਮ, ਪੁਰਾਤਨ ਕੀ ਤੇ ਨਵੇਂ ਕੀ, ਕਰਨ ਕਰਾਵਨਹਾਰ ਮਹਾਰਾਜ ਨੂੰ ਹੀ ਦਸਦੇ ਹਨ। ਰਹੀ ਗੱਲ ਕਿਸੇ ਰਾਜਸੀ ਲਹਿਰ ਨਾਲ ਧਰਮ ਨੂੰ ਜੋੜ ਕੇ ਵੇਖਣ ਦੀ। ਕਿਸੇ ਵੀ ਐਸੀ ਲਹਿਰ ਨੂੰ ਘੋਖ ਕੇ ਵੇਖੋ ਲਹਿਰ ਦੀਆਂ ਪਦਾਰਥਕ ਹਾਲਤਾਂ ਪਹਿਲਾਂ ਪੈਦਾ ਹੋਈਆਂ ਸਨ, ਲੋਕਾਂ ਵਿਚ ਉਸ ਸਮੇਂ ਦੇ ਪ੍ਰਬੰਧ ਪ੍ਰਤੀ ਅਸੰਤੋਸ਼ ਪਹਿਲਾਂ ਹੀ ਭੜਕ ਚੁਕਾ ਸੀ ਅਤੇ ਲੁਟੇਰੀਆਂ ਜਮਾਤਾਂ ਦੇ ਹੀ ਕਿਸੇ ਹਿਸੇ ਨੇ ਨਵੇਂ ਧਰਮ ਦੇ ਨਾਂ ਹੇਠ ਉਸ ਅਸੰਤੋਸ਼ ਵਿਚਲੇ ਤਬਕਿਆਂ ਨੂੰ ਵਰਤ ਕੇ ਫਿਰ ਧਰਮ ਦਾ ਹੀ ਨਵਾਂ ਚੱਕਰ ਵਾਹ ਦਿਤਾ ਸੀ। ਕਿਤੇ ਵੀ ਅਜਿਹੀ ਮਿਸਾਲ ਪੈਦਾ ਨਹੀਂ ਹੁੰਦੀ ਕਿ ਧਰਮ ਪਹਿਲਾਂ ਪੈਦਾ ਹੋਇਆ ਹੋਵੇ ਤੇ ਫਿਰ ਉਸਨੇ ਕੋਈ ਲਹਿਰ ਪੈਦਾ ਕੀਤੀ ਹੋਵੇ। ਹਾਂ ਇਸ ਬਾਰੇ ਡਾਕਟਰ ਫੌਜਾ ਸਿਘ ਦੀ 1974 ਵਿਚਲੀ ਖੋਜ ਬਾਰੇ ਜ਼ਰੂਰ ਪੜੋ। ਜੇਕਰ ਕਿਸੇ ਆਗੂ ਨੇ ਕਿਤੇ ਜਮਾਤੀ ਵਿਰੋਧਾਂ ਦੌਰਾਨ ਲਿਤਾੜੀਆਂ ਜਮਾਤਾਂ ਦਾ ਸਮਰਥਨ ਕੀਤਾ ਹੈ ਤਾਂ ਉਸਦਾ ਇੰਝ ਕਰਨਾ ਰੱਬ ਦੀ ਰਜ਼ਾ ਨੂੰ ਮੰਨਣ ਦੀ ਥਾਂ ਉਸ ਵਿਰੁਧ ਬਗਾਵਤ ਕਰਨਾ ਹੀ ਬਣਦਾ ਹੈ ਤੇ ਇੰਝ ਕਰਦਿਆਂ ਉਹ ਧਾਰਮਿਕ ਆਗੂ ਨਹੀਂ ਰਾਜਸੀ ਆਗੂ ਅਖਵਾਉਣ ਦਾ ਹੱਕਦਾਰ ਹੈ ਤੇ ਉਸ ਦੀਆਂ ਕਾਰਵਾਈਆਂ ਨੂੰ ਉਸਦੇ ਧਾਰਮਿਕ ਸਾਥੀਆਂ ਨਾਲ ਰਲਗੱਡ ਕਰਕੇ ਇਸ ਸਭ ਕੁਝ ਨੂੰ ਧਾਰਮਿਕ ਨਹੀਂ ਬਨਾਉਣਾ ਚਾਹੀਦਾ। ਕੋਈ ਧਰਮ ਅਗਾਂਹਵਧੂ ਜਾਂ ਪਿਛਾਂਹਖਿਚੂ ਦੀ ਬਹਿਸ ਦਾ

ਮੁਥਾਜ ਨਹੀਂ ਹੁੰਦਾ ਸਾਰੇ ਹੀ ਰੱਬ ਦੇ ਰੰਗ ਹੁੰਦੇ ਹਨ ।

## ਕੌਮ ਕੀ ਹੈ ?

ਇਕੋ ਪੈਦਾਵਾਰੀ ਮਿਹਨਤ ਵੰਡ ਦੁਆਰਾ ਸਿਰਜਿਆ ਸਮਾਜ ਦਾ ਹਿੱਸਾ ਇਕ ਕੌਮ ਦੇ ਨਾਂ ਨਾਲ ਜਾਣਿਆ ਜਾਂਦਾ ਰਿਹਾ ਹੈ ਜਿਸ ਵਿਚ ਇਕੋ ਮੰਡੀ ਅੰਦਰ ਆਰਥਿਕ ਪ੍ਰਬੰਧ ਦੇ ਵਿਚਰਨ ਦੀ ਸੁਹੂਲਤ ਲਈ ਇਕੋ ਬੋਲੀ ਤੇ ਇਕੋ ਸਭਿਆਚਾਰ ਹੁੰਦਾ ਸੀ । ਕੌਮੀ ਮਸਲਾ ਆਮ ਤੌਰ ਸਰਮਾਏਦਾਰਾ ਪ੍ਰਬੰਧ ਸਮੇਂ ਹੀ ਉਭਾਰਿਆ ਹੈ ਜਿਵੇਂ ਕਿ ਲੈਨਿਨ ਦੇ ਕਹਿਣ ਮੁਤਾਬਕ, "ਦੁਨੀਆਂ ਭਰ ਵਿਚ ਜਗੀਰਦਾਰੀ ਉਤੇ ਸਰਮਾਏਦਾਰੀ ਦੀ ਅੰਤਮ ਫਤਹਿ ਦਾ ਦੌਰ ਕੌਮੀ ਲਹਿਰਾਂ ਨਾਲ ਸਬੰਧਤ ਰਿਹਾ ਹੈ । ਜਿਨਸਾਂ ਦੀ ਪੈਦਾਵਾਰ ਦੀ ਪੂਰਨ ਫਤਹਿ ਲਈ ਬੁਰਜੂਆਜੀ ਨੇ ਘਰੇਗੀ ਮੰਡੀ ਉਤੇ ਕਬਜ਼ਾ ਕਰਨਾ ਹੁੰਦਾ ਹੈ ਤੇ ਰਾਜਸੀ ਤੌਰ ਉਤੇ ਸੰਯੁਕਤ ਇਲਾਕੇ ਹੋਣੇ ਚਾਹੀਦੇ ਹਨ, ਜਿੰਨਾਂ ਦੀ ਵਸੋਂ ਇਕੋ ਜ਼ਬਾਨ ਬੋਲਦੀ ਹੋਵੇ, ਉਸ ਜ਼ਬਾਨ ਦੇ ਵਿਕਾਸ ਤੇ ਸਹਿਤ ਵਿਚ, ਉਹਦੀ ਪਕਿਆਈ ਦੇ ਰਾਹ ਦੀਆਂ ਸਭੇ ਰੁਕਾਵਟਾਂ ਖਤਮ ਕੀਤੀਆਂ ਜਾਣ—ਇਸਦੇ ਵਿਚ ਕੌਮੀ ਲਹਿਰਾਂ ਦੀ ਆਰਥਿਕ ਬੁਨਿਆਦ ਹੈ ।" (ਦੇਖੋ ਕੌਮੀ ਪਾਲਸੀ ਦੇ ਸਵਾਲ ਤੇ ਪ੍ਰੋਲੇਤਾਰੀ ਕੌਮਾਂਤਰੀਵਾਦ ਸਫਾ 51) । ਕੋਈ ਵੀ ਲਹਿਰ ਕੌਮੀ ਲਹਿਰ ਹੈ ਤਾਂ ਉਸ ਦਾ ਤੱਤ ਲਾਜ਼ਮੀ ਹੀ ਬੁਰਜੂਆ ਲਹਿਰ ਦਾ ਹੀ ਤੱਤ ਹੋਵੇਗਾ । ਪਰ ਅੱਜ ਜਦ ਅਸੀਂ ਸਾਮਰਾਜ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਦ ਕਿ ਕਿਸ ਮਸਲੇ ਦਾ ਕਾਰਨ ਜਾਂ ਕਿਸੇ ਹੋਰ ਕੌਮੀ ਹੱਦਬੰਦੀ ਅੰਦਰ ਨਹੀਂ ਦਿਸ ਰਿਹਾ ਕਿਸੇ ਜਮਾਤ ਨੂੰ ਕੌਮੀ ਕਹਿਣਾ ਵੀ ਠੀਕ ਨਹੀਂ ਜਾਪ ਰਿਹਾ ਅਤੇ ਸਭ ਤੋਂ ਵੱਧ ਕੇ ਬੁਰਜੂਆ ਸਿਸਟਮ ਜਿਸਨੇ ਖ਼ੁਦ ਕੌਮੀ ਸਿਸਟਮ ਸਿਰਜੇ ਸਨ ਇਸਨੂੰ ਉਲੰਘ ਕੇ ਕੌਮਾਂਤਰੀ ਸਿਸਟਮ ਸਿਰਜ ਚੁਕਾ ਹੈ, ਸਾਡੇ ਕੁਝ ਬੁਧੀਜੀਵੀ ਕੌਮੀ ਵਾਲੇ ਚੌਰਾਸੀ ਗੇੜ ਬਾਰੇ ਹੀ ਸੋਚ ਰਹੇ ਹਨ । ਹਾਂ ਕੁਝ ਗੈਰ ਅਜਾਰੇਦਾਰ ਬੁਰਜੂਆ ਜਮਾਤਾਂ ਅੱਜ ਵੀ ਲੈਨਿਨ ਦੀ ਹੀ ਧਾਰਨਾਂ ਮੁਤਾਬਕ ਕੌਮੀ ਨਾਅਰੇ ਪੇਸ਼ ਕਰ ਸਕਦੀਆਂ ਹਨ ਜਾਂ ਫਿਰ ਸਾਮਰਾਜੀ ਧੜਿਆਂ ਵਿਚਲੀ ਆਪਸੀ ਖੋਹ ਖਿੰਝ ਵਾਸਤੇ ਉਹ ਅਖੌਤੀ ਕੌਮੀ ਨਾਅਰੇ ਦੇ ਕੇ ਇਕ ਦੂਜੇ ਤੋਂ ਖਿਤੇ ਖੋਹ ਸਕਦੇ ਹਨ ਪਰ ਸਾਡਾ ਮਿਹਨਤਕਸ਼ ਤਬਕਿਆਂ ਦਾ ਅਜਿਹੇ ਕੌਮੀ ਸਵਾਲ ਵਿਚ ਕੋਈ ਭਲਾ ਨਹੀਂ ਹੋ ਸਕਦਾ ਇਸਨੂੰ ਉਨ੍ਹਾਂ ਵਾਸਤੇ ਹੀ ਛੱਡ ਦੇਣਾ ਚਾਹੀਦਾ ਹੈ ।

## ਕੌਮੀ ਸਭਿਆਚਾਰ ਨੂੰ ਖਤਰਾ ?

ਆਮ ਤੌਰ ਤੇ ਪੈਟੀ ਬੁਰਜੂਆ ਬੁਧੀਜੀਵੀ ਇਹ ਰੌਲਾ ਪਾਉਂਦੇ ਸੁਣੇ ਗਏ ਹਨ ਕਿ ਸਾਡਾ ਵਿਰਸਾ, ਸਾਡਾ ਸਭਿਆਚਾਰ ਤਬਾਹ ਹੋ ਰਿਹਾ ਹੈ ਇਸਨੂੰ ਬਚਾਓ । ਪੱਛਮੀ ਸਭਿਆਚਾਰ ਸਾਡੇ ਪੁਰਾਤਨ ਪੰਜਾਬੀ ਸਭਿਆਚਾਰ ਨੂੰ ਪੀ ਰਿਹਾ ਜਾਂ ਹਿੰਦੀ ਸਭਿਆਚਾਰ ਪੰਜਾਬੀ ਸਭਿਆਚਾਰ ਲਈ ਖਤਰਾ ਹੈ । ਹਰੇਕ ਸਭਿਆਚਾਰ ਸਮਾਜ ਦੇ ਕਿਸੇ ਵਿਸ਼ੇਸ਼ ਪੜਾਅ ਦਾ ਸਭਿਆਚਾਰ ਹੁੰਦਾ ਹੈ । ਕਬੀਲਿਆਂ ਦਾ ਸਭਿਆਚਾਰ ਬੋਲੀ ਆਦਿ ਦੀ ਭਿੰਨਤਾ ਨੂੰ ਛੱਡ ਕੇ ਇਕੋ ਕਿਸਮ ਦਾ ਜਾਂਗਲੀ ਸਭਿਆਚਾਰ ਸੀ । ਜਗੀਰਦਾਰੀ ਅੰਦਰਲਾ ਸਭਿਆਚਾਰ ਦੁਨੀਆਂ ਪੱਧਰ ਤੇ ਇਕੋ ਜਿਹੀਆਂ ਪਦਾਰਥਕ ਹਾਲਤਾਂ ਅੰਦਰ ਇਕੋ ਜਿਹਾ ਪੇਂਡੂ ਸਭਿਆਚਾਰ ਸੀ । ਹਾਂ ਇਸ ਦੇ ਕੌਮੀ ਵਖਰੇਵੇਂ ਜ਼ਰੂਰੀ ਸਨ ਜਿੰਨਾ ਦਾ ਕਾਰਨ ਪੈਦਾਵਾਰੀ—ਮਿਹਨਤ ਵੰਡ ਵਿਚ ਵੰਡੇ ਖਿਤਿਆਂ ਦੇ ਹੋਣ ਕਰਕੇ ਇਕ ਦੂਜੇ ਦੇ ਅਸਰ ਤੋਂ ਦੂਰੀ ਸੀ । ਸਰਮਾਏਦਾਰੀ ਦਾ ਯੁਗ ਆਇਆ ਤਾਂ ਮਾਰਕਸ ਕਹਿੰਦਾ ਹੈ ਕਿ "ਸੰਸਾਰ ਮੰਡੀ ਦੀ ਵਰਤੋਂ ਕਰਨ ਰਾਹੀਂ ਬੁਰਜੂਆਜੀ ਜੇ ਹਰ ਦੇਸ਼ ਵਿਚ ਉਤਪਾਦਨ ਤੇ ਖਪਤ ਨੂੰ ਸਰਬ ਦੇਸੀ ਖਾਸਾ ਦੇ ਦਿਤਾ ਹੈ—ਸਨਅਤ ਦੇ ਪੈਰਾਂ ਹੇਠੋਂ ਕੌਮੀ ਧਰਤੀ ਖਿਚ ਲਈ ਹੈ—ਪੁਰਾਣੀ ਸਥਾਨਕ ਅਤੇ ਕੌਮੀ ਵਖਰਤਾ ਅਤੇ ਸਵੈ ਪੂਰਨਤਾ ਦੀ ਥਾਂ ਸਾਡੇ ਸਾਹਮਣੇ ਹਰ ਪਾਸੇ ਵੱਲ ਲੈਣ ਦੇਣ, ਕੌਮਾਂ ਦੀ ਜਗਤਰੀ ਅੰਤਰ ਨਿਰਭਰਤਾ ਆਉਂਦੀ ਹੈ ਅਤੇ ਪਦਾਰਥਕ ਉਤਪਾਦਨ ਵਾਂਗ ਹੀ ਬੌਧਿਕ ਉਤਪਾਦਨ ਵਿਚ ਵੀ । ਵਿਕੋਲਤ੍ਰੀਆਂ ਕੌਮਾਂ ਦੀਆਂ ਬੌਧਿਕ ਰਚਨਾਵਾਂ ਸਾਂਝੀ ਜਾਇਦਾਦ ਬਣ ਜਾਂਦੀਆਂ ਹਨ । ਕੌਮੀ ਇਕ ਪਾਸੜਪਨ ਅਤੇ ਤੰਗ ਨਜ਼ਰੀ ਦਿਨੋ ਦਿਨ ਵਧੇਰੇ ਅਸੰਭਵ ਹੁੰਦੀਆਂ ਜਾਂਦੀਆਂ ਹਨ ਅਤੇ ਅਣਗਿਣਤ ਕੌਮੀ ਅਤੇ ਸਥਾਨਕ ਸਹਿਤਾਂ ਤੋਂ ਸੰਸਾਰ ਸਹਿਤ ਪੈਦਾ ਹੋ ਜਾਂਦਾ ਹੈ—ਇਹ ਮਿਟਾ ਦੇਣ ਦਾ ਡਰ ਪਾ ਕੇ ਸਾਰੀਆਂ ਕੌਮਾਂ ਨੂੰ ਉਤਪਾਦਨ ਦੇ ਬੁਰਜੂਆ ਢੰਗ ਅਪਨਾਉਣ ਲਈ ਮਜਬੂਰ ਕਰਦੀ ਹੈ । ਇਹ ਉਹਨਾਂ ਨੂੰ ਆਪਣੇ ਵਿਚਕਾਰ ਉਹ ਕੁਝ ਲਾਗੂ ਕਰਨ ਲਈ ਮਜਬੂਰ ਕਰਦੀ ਹੈ ਜਿਸਨੂੰ ਇਹ ਸਭਿਅਤਾ ਦਾ ਨਾਂ ਦੇਂਦੀ ਹੈ, ਭਾਵ ਖੁਦ ਬੁਰਜੂਆ ਬਣਨ ਲਈ ਮੁਜਬੂਰ ਕਰਦੀ ਹੈ । ਅਰਥਾਤ ਇਹ ਆਪਣੀ ਹੀ ਸ਼ਕਲ ਅਨੁਸਾਰ ਦੁਨੀਆਂ ਸਿਰਜਦੀ ਹੈ ।" (ਦੇਖੋ ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ) । ਸੋ ਸਮਝਣ ਵਾਲੀ ਗੱਲ ਇਹ ਹੈ ਕਿ ਜਿਸ ਸਭਿਆਚਾਰ ਦੀ ਅਸੀਂ ਰਾਖੀ ਕਰਦੇ ਹਾਂ ਉਹ ਸਭਿਆਚਾਰ ਤੂੰਬੀਆਂ ਲੰਗੋਜ਼ਿਆਂ ਦਾ ਪੇਂਡੂ ਸਭਿਆਚਾਰ, ਜਗੀਰੂ ਯੁਗ ਦਾ ਸਭਿਆਚਾਰ ਸੀ ਤੇ ਜਿਵੇਂ ਜਗੀਰੂ ਰਿਸ਼ਤਿਆਂ ਦੀ ਥਾਂ ਬੁਰਜੂਆ ਰਿਸ਼ਤਿਆਂ ਨੇ ਲੈ ਲਈ ਹੈ ਉਵੇਂ ਇਸ ਪਿਛਾਖੜੀ ਜਗੀਰੂ ਸਭਿਆਚਾਰ ਦੀ ਥਾਂ ਵੀ ਬੁਰਜੂਆ ਸਭਿਆਚਾਰ ਨੇ ਲੈਣੀ ਹੀ ਸੀ —"ਬੁਰਜੂਆਜੀ ਨੇ ਪਿੰਡਾਂ ਨੂੰ ਸ਼ਹਿਰਾਂ ਦੀ ਹਕੂਮਤ ਲੈ ਆਂਦਾ ਹੈ ਇਸਨੇ ਧੜਵੈਲ ਸ਼ਹਿਰ ਸਿਰਜ ਦਿਤੇ

ਹਨ, ਪੇਂਡੂ ਵਸੋਂ ਦੇ ਮੁਕਾਬਲੇ ਸ਼ਹਿਰੀ ਵਸੋਂ ਵਿਚ ਭਾਰੀ ਵਾਧਾ ਕਰ ਦਿਤਾ ਹੈ ਤੇ ਇਉਂ ਵਸੋਂ ਦੇ ਚੋਖੇ ਹਿਸੇ ਨੂੰ ਪੇਂਡੂ ਜੀਵਨ ਦੀ ਮੂਰਖਤਾ ਤੋਂ ਛੁਟਕਾਰਾ ਦਿਵਾ ਦਿਤਾ ਹੈ। ਜਿਵੇਂ ਇਸਨੇ ਪਿੰਡਾਂ ਨੂੰ ਸ਼ਹਿਰਾਂ ਦੇ ਅਧੀਨ ਕਰ ਦਿਤਾ ਹੈ ਉਸੇ ਤਰ੍ਹਾਂ ਇਸਨੇ ਅਸਭਿਆ ਅਤੇ ਅਰਧ-ਸਭਿਆ ਦੇਸ਼ਾਂ ਨੂੰ ਸਭਿਆ ਦੇ ਅਧੀਨ ਕਿਸਾਨਾਂ ਦੀਆਂ ਕੌਮਾਂ ਨੂੰ ਬੁਰਜੂਆਂ ਕੌਮਾਂ ਦੇ, ਪੂਰਬ ਨੂੰ ਪੱਛਮ ਦੇ ਅਧੀਨ ਕਰ ਦਿਤਾ ਹੈ।" (ਕਾਰਲ ਮਾਰਕਸ—ਮੈਨੀਫੈਸਟੋ ਵਿਚੋਂ) ਸੋ ਸਾਡੀ ਮਾਰਕਸੀ ਲੇਖਕਾਂ ਨੂੰ ਅਪੀਲ ਹੈ ਆਪਣੇ ਆਪ ਨੂੰ ਜਮਾਤੀ ਸੋਚ ਦਿਓ ਜਜ਼ਬਾਤੀ ਹੋਣ ਤੋਂ ਬਚੋ। 'ਪ੍ਰੋਲੇਤਾਰੀ ਇਨਕਲਾਬ ਦੀ ਪੂਰਵ ਸੰਧਿਆ-ਸਰਮਾਏਦਾਰੀ ਦੌਰ' (ਲੈਨਿਨ) ਅੰਦਰ ਘਟੋ ਘੱਟ ਇਹ ਜ਼ਰੂਰ ਸੋਚੋ ਕਿ ਧਰਮ ਪ੍ਰਮਾਤਮਾ ਦੀ ਖੇਡ ਹੈ ਕੌਮ ਸਰਮਾਏਦਾਰੀ ਦੀ ਤੇ ਸਭਿਆਚਾਰ ਸਿਸਟਮ ਦੀ। ਪ੍ਰੋਲੇਤਾਰੀ ਜਮਾਤ ਜੇ ਧਰਮ ਵਿਚ ਵਿਸ਼ਵਾਸ ਰਖਦੀ ਹੈ ਤਾਂ ਉਸਨੂੰ ਹਮੇਸ਼ਾਂ ਰੱਬ ਦੀ ਰਜ਼ਾ ਵਿਚ ਰਾਜੀ ਰਹਿਣਾ ਪਵੇਗਾ। ਕੌਮਾਂਤਰੀ ਜਮਾਤ ਹੁੰਦਿਆਂ ਜੇ ਕੌਮੀ ਨਾਅਰੇ ਲਾਉਂਦੀ ਹੈ ਤਾਂ ਸਰਮਾਏਦਾਰੀ ਦੇ ਕਿਸੇ ਹੱਥਠੋਕੇ ਦਾ ਕੰਮ ਕਰ ਰਹੀ ਹੈ ਅਤੇ ਬੁਰਜੂਆ ਸਭਿਆਚਾਰ ਦੇ ਮੁਕਾਬਲੇ ਤੇ ਕਿਸਾਨ ਸਭਿਆਚਾਰ ਦੀ ਰਾਖੀ ਲਈ ਜੇ ਸੋਚਦੀ ਹੈ ਤਾਂ ਬਗਾਨੀ ਬਲਾ ਗਲ ਪਵਾਉਂਦੀ ਹੈ। ਇਸਨੂੰ ਅੱਜ ਦੇ ਕੌਮਾਂਤਰੀ ਬੁਰਜੂਆ ਸਭਿਆਚਾਰ ਵਿਚੋਂ ਹੀ ਕੌਮਾਂਤਰੀ ਪ੍ਰੋਲੇਤਾਰੀ ਸਭਿਆਚਾਰ ਦੀ ਸਿਰਜਨਾ ਕਰਨੀ ਅਰੰਭਨੀ ਹੋਵੇਗੀ ਨਾ ਕਿ ਕੌਮੀ ਕਿਸਾਨ ਸਭਿਆਚਾਰਾਂ 'ਚੋਂ।

## *ਫਿਰਕਾਪ੍ਰਸਤੀ ਦੇ ਸੰਦਰਭ ਵਿਚ ਕੀ ਕਰਨਾ ਲੋੜੀਂਦਾ ਹੈ ?*

**ਵਲੋਂ ਡੈਮੋਕਰੈਟਿਕ ਪੀਪਲਜ਼ ਫਰੰਟ ਮਾਨਸਾ ਅਤੇ ਤਲਵਾੜਾ**

['ਫਿਰਕਾਪ੍ਰਸਤੀ ਅਤੇ ਜਬਰ ਵਿਰੋਧੀ ਮੁਹਿੰਮ ਕਮੇਟੀ' ਵਲੋਂ 7-10-84 ਨੂੰ ਮਾਨਸਾ (ਬਠਿੰਡਾ) ਵਿਖੇ ਕੀਤੀ ਕਨਵੈਨਸ਼ਨ ਵਿਚ 'ਡੈਮੋਕਰੈਟਿਕ ਪਾਪਲਜ਼ ਫਰੰਟ, ਮਾਨਸਾ' ਵਲੋਂ ਪੜਿਆ ਗਿਆ ਪਰਚਾ।]

ਸਾਡੇ ਉਸਾਰੂ ਅਤੇ ਅਗਾਂਹ-ਵਧੂ ਸੋਚ ਰੱਖਣ ਵਾਲੇ ਦੋਸਤੋ, ਪੰਜਾਬ ਦੀ ਹਾਲਤ ਬਾਰੇ ਆਪਾਂ ਸਭ ਚਿੰਤਤ ਹਾਂ। ਪੰਜਾਬ ਵਿਚ ਭੜਕੀ ਹੋਈ ਫਿਰਕਾਪ੍ਰਸਤੀ ਨੇ ਆਪਣੇ ਸਾਰੇ ਜਮਾਤੀ ਤੇ ਹੱਕੀ ਸੰਘਰਸ਼ਾਂ ਤੇ ਬਹੁਤ ਕਰਾਰੀ ਸੱਟ ਮਾਰੀ ਹੈ। ਆਪਣਾ ਸਾਰਾ ਉਸਾਰੂ ਪ੍ਰੋਗਰਾਮ ਬਹੁਤ ਪਿੱਛੇ ਪਾ ਦਿੱਤਾ ਹੈ। ਹੁਣ ਲੋੜ ਹੈ ਕਿ ਆਪਾਂ ਇਸ ਚਲ ਰਹੀ ਫਿਰਕੂ ਹਨੇਰੀ ਨੂੰ ਠੱਲ ਪਾ ਕੇ ਆਪਣੇ ਜਮਾਤੀ ਘੋਲਾਂ ਅਤੇ ਹੱਕੀ ਸੰਘਰਸ਼ਾਂ ਨੂੰ ਤੇਜ਼ ਕਰਦੇ ਹੋਏ ਨਵਾਂ ਅਤੇ ਜਮਹੂਰੀ ਭਾਰਤ ਸਿਰਜਣ ਵੱਲ ਅੱਗੇ ਵਧੀਏ ਅਤੇ ਘਿਨਾਉਣੀਆਂ ਚਾਲਾਂ ਚਲਣ ਵਾਲੀਆਂ ਉਹਨਾਂ ਲੋਟੂ ਸ਼ਕਤੀਆਂ ਨੂੰ ਨੰਗਾ ਕਰੀਏ ਜੋ ਸਾਨੂੰ ਭਰਾ ਮਾਰ ਲੜਾਈ ਵਿਚ ਉਲਝਾ ਕੇ ਆਪਣੀ ਲੁੱਟ ਅਤੇ ਚੌਧਰ ਬਰਕਰਾਰ ਰੱਖਣਾ ਚਾਹੁੰਦੇ ਹਨ। ਅਜਿਹੇ ਨਾਜ਼ਕ ਸਮੇਂ ਤੇ ਸਾਰੇ ਚੇਤੰਨ ਲੋਕਾਂ ਦਾ ਫਰਜ਼ ਬਣਦਾ ਹੈ ਕਿ ਆਮ ਲੋਕਾਂ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਅਤੇ ਅੱਗੇ ਵਧਣ ਦਾ ਸਹੀ ਰਸਤਾ ਵਿਖਾਉਣ। ਉਨ੍ਹਾਂ ਨੂੰ ਦੱਸਣ ਕਿ ਕਿਵੇਂ ਕਾਂਗਰਸ ਸਰਕਾਰ ਨੇ ਭਿੰਡਰਾਂਵਾਲੇ ਦੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤਿਆ (ਜੋ ਕਿ ਵਰਤਮਾਨ-ਫਿਰਕੂ-ਦਹਿਸ਼ਤੀ ਲਹਿਰਾਂ ਦਾ ਕੇਵਲ ਇਕ ਧੁਰਾ ਹੀ ਸੀ, ਜੜ੍ਹ ਨਹੀਂ) ਕਾਂਗਰਸ ਸਰਕਾਰ ਨੇ ਪਹਿਲਾਂ ਭਿੰਡਰਾਂਵਾਲੇ ਨੂੰ ਖੁਦ ਹੀ ਖੁਲ ਦੇ ਕ ਸਾਰੇ ਇਮਾਨਦਾਰ ਲੋਕਾਂ ਨੂੰ ਇਹ ਕਹਿਣ ਤੇ ਮਜਬੂਰ ਕਰ ਦਿੱਤਾ ਕਿ ਸਰਕਾਰ ਉਸਦੀਆਂ ਕਾਰਵਾਈਆਂ ਨੂੰ ਰੋਕਣ ਲਈ ਕੁਝ ਕਰਦੀ ਕਿਉਂ ਨਹੀਂ ? ਸਰਕਾਰ ਨੂੰ ਫਿਰਕੂ ਦਹਿਸ਼ਤਪਸੰਦਾਂ ਨੂੰ ਸਖਤੀ ਨਾਲ ਕੁਚਲ ਦੇਣਾ ਚਾਹੀਦਾ ਹੈ। ਸਰਕਾਰ ਭਿੰਡਰਾਂਵਾਲੇ ਨਾਲ ਮਿਲੀ ਹੋਣ ਕਾਰਨ ਹੀ ਉਸਨੂੰ ਕੁਝ ਨਹੀਂ ਆਖ ਰਹੀ। ਵਗੈਰਾ, ਵਗੈਰਾ !

ਇੰਦਰਾ ਨੇ 'ਸੱਪ ਦੇ ਮੂੰਹ ਵਿਚ ਆਈ ਕੋਹੜ ਕਿਰਲੀ ਖਾਵੇ ਤਾਂ ਕੋਹੜੀ ਛੱਡੇ ਤਾਂ ਕਲੰਕੀ" ਵਾਲੀ ਕਹਾਵਤ ਮੁਤਾਬਕ ਭਿੰਡਰਾਂਵਾਲ ਨੂੰ ਕਿਰਲੀ ਦੇ ਰੂਪ ਵਿਚ ਅਕਾਲੀ ਦਲ ਦੇ ਮੂੰਹ 'ਚ ਫਸਾ ਦਿੱਤਾ। ਉਸਦਾ ਵਿਰੋਧ ਕਰਨ ਦੀ ਹਾਲਤ ਵਿਚ, ਸਿੱਖ ਪੰਥ ਦੇ ਰਾਖੇ ਹੋਣ ਦੀ ਗੁਰਜਖੁਸਦੀ ਸੀ ਤੇ ਕੱਟੜ ਸਿੱਖਾਂ ਦੀ ਦੁਸ਼ਮਣੀ ਮੁੱਲ ਲੈਣੀ ਪੈਂਦੀ ਸੀ, ਸਾਥ ਦੇ ਦੇਣ ਨਾਲ ਬਾਕੀ ਦੀ ਜਨਤਾ ਦਾ ਵਿਰੋਧ ਖਟਣਾ ਪੈਂਦਾ ਸੀ, ਕਿਉਂਕਿ ਅਕਾਲੀ ਦਲ ਦੀ ਨੀਂਹ ਮਜ਼੍ਹਬ ਹੈ ਸੋ ਉਸਨੇ ਭਿੰਡਰਾਂਵਾਲੇ ਦਾ ਸਾਥ ਦੇਣ ਵਿਚ ਹੀ ਭਲਾਈ ਸਮਝੀ। ਪਰ ਸਾਥ ਦਿੱਤਾ ਬੇਹੱਦ ਮਜਬੂਰੀ ਤੇ ਬੇਦਿਲੀ ਨਾਲ ਕਿਉਂਕਿ ਭਿੰਡਰਾਂਵਾਲੇ ਦੇ ਟੋਲੇ ਦੀਆਂ ਦਹਿਸ਼ਤਪਸੰਦ ਸਰਗਰਮੀਆਂ ਉਹਨਾਂ ਦੀਆਂ ਕੁਲ ਹਿੰਦੂ ਵੋਟਾਂ ਨੂੰ ਸਦਾ ਲਈ ਤੋੜ ਕੇ ਦਲ ਦਾ ਸਿਆਸੀ ਪਾਰਲੀਮਾਨੀ ਭਵਿਖ ਖਤਮ ਕਰ ਰਹੀਆਂ ਸਨ। ਭਿੰਡਰਾਂਵਾਲੇ ਦੀ ਸੁਰ ਵਿਚ ਸੁਰ ਮਿਲਾ ਕੇ ਇਹ ਕਹਿਣ ਵਾਲੇ "ਕਿ ਪੁਲਸ ਜਾਂ ਫੌਜ ਸਾਡੀਆਂ ਲਾਸ਼ਾਂ ਤੋਂ ਦੀ ਲੰਘ ਕੇ ਹੀ ਦਰਬਾਰ ਸਾਹਿਬ ਵਿਚ ਦਾਖਲ ਹੋ ਸਕੇਗੀ" ਕਹਿਣ ਵਾਲੇ ਅਕਾਲੀ ਜਰਨੈਲਾਂ' ਲੌਂਗੋਵਾਲ ਅਤੇ ਟੌਹੜੇ ਵਲੋਂ ਪਹਿਲੀ ਦਬਕ ਵਿਚ ਹੀ ਆਤਮ-

ਸਮਰਪਣ ਕਰ ਦੇਣ ਕਾਰਣ ਅਕਾਲੀ ਦਲ ਦੀ ਪੁਜ਼ੀਸ਼ਨ ਬੇਹੱਦ ਕਸੂਤੀ ਬਣ ਗਈ। ਹਿੰਦੂ ਵੋਟਰ ਤਾਂ ਭਿੰਡਰਾਂਵਾਲੇ ਦਾ ਵਿਰੋਧ ਨਾ ਕਰਨ ਕਾਰਨ ਅਕਾਲੀ ਦਲ ਨਾਲੋਂ ਪਹਿਲਾਂ ਹੀ ਟੁੱਟ ਚੁੱਕੇ ਸਨ ਹਣ ਵੋਟਾਂ ਵੇਲੇ ਪਿੰਡਾਂ ,ਵਿਚ ਗਿਆਂ ਨੂੰ ਸਿੱਖਾਂ ਦੇ ਖੁਦ ਇਨ੍ਹਾਂ ਵਲੋਂ ਹੀ ਭੜਕ ਏ ਹੋਏ ਜਜ਼ਬਾਤਾਂ ਕਾਰਨ ਸਖਤ ਵਿਰੋਧਤਾ ਦਾ ਵੀ ਸਾਹਮਣਾ ਕਰਨਾ ਪ੍ਵੇਗਾ। ਸੋ ਇਸ ਤਰ੍ਹਾਂ ਇੰਦਰਾ ਗਾਂਧੀ ਪੰਜਾਬ ਦੀ ਸੱਭ ਤੋਂ ਵੱਡੀ ਵਿਰੋਧੀ ਪਾਰਟੀ ਦਾ ਦਵਾਲਾ ਕੱਢਣ ਵਿਚ ਇਕ ਵਾਰ ਪੂਰੀ ਤਰ੍ਹਾਂ ਸਫਲ ਹੋ ਗਈ ਹੈ—ਉਹ ਵੀ ਉਸ ਪਾਰਟੀ ਦਾ ਜਿਸਨੇ ਮੋਰਚਾ ਹੀ ਆਪਣਾ ਪ੍ਰਭਾਵ ਵ੍ਧਾਉਣ ਲਈ ਲਾਇਆ ਸੀ।

ਹੁਣ ਅਕਾਲੀ ਦਲ ਨੂੰ ਛੱਡ ਕੇ ਖੁਦ ਆਪਣੇ ਵੱਲ ਆਂਈਏ ਢਾਈ ਤਿੰਨ ਸਾਲਾਂ ਦੇ ਇਸ ਖੂਨੀ ਤਮਾਸ਼ੇ ਦੇ ਸਿਖਰ ਉਤੇ ਪਹੁੰਚ ਕੇ ਆਪਣੀ ਸ਼ਤਰੰਜ ਦੀ ਬਿਸ਼ਾਤ ਉਪਰ੍ਲੇ ਚੰਦ ਮੋਹਰਿਆਂ ਦੀ ਬਲੀ ਦੇ ਕੇ ਇੰਦਰਾ ਖੁਦ ਹੀਰੋ ਬਣ ਬੈਠੀ ਅਤੇ ਫਸਾ ਦਿੱਤਾ ਸਾਨੂੰ! ਉਹ ਭਾਰਤੀ ਜਨਤਾ ਦੀ ਨੀਵੀਂ ਚੇਤਨਾ ਵਾਲ ਵਿਸ਼ਾਲ ਹਿੱਸਿਆਂ ਨੂੰ ਗੁੰਮਰਾਹ ਕਰਕੇ ਢੇਸ਼ ਦੀ ਏਕਤਾ ,ਅਤੇ ਅਖੰਡਤਾ ਦੀ ਅਖੌਤੀ ਝੰਡਾ ਬਰਦਾਰ ਵੀ ਬਣ ਗਈ ਹੈ। ਲੁਟੇਰਿਆਂ ਦੀ ਇਸ ਚਤੁਰ ਪ੍ਰਤੀਨਿਧ ਇੰਦਰਾ ਨੇ ਸਾਰੀਆਂ ਵਿਰੋਧੀ ਧਿਰਾਂ (ਅਗਾਂਹ ਵਧੂ ਅਤੇ ਪਿਛਾਂਹਖਿੱਚੂ ਦੋਹਾਂ ਨੂੰ!) ਵੀ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ।

ਇਸ ਮਿਲਟਰੀ ਐਕਸ਼ਨ ਨੂੰ ਜਾਇਜ਼ ਕਹੋ ਤਾਂ 'ਸਰਕਾਰੀਏ' ਕਹਾਓ ਅਤੇ ਕੱਟੜ ਸਿੱਖਾਂ ਦੇ ਗੁੱਸੇ ਦਾ ਨਿਸ਼ਾਨਾ ਬਣੋ! ਨਜਾਇਜ਼ ਕਹੋ ਤਾਂ ਸਧਾਰਣ ਲੋਕਾਂ ਦੀ ਵਿਸ਼ਾਲ ਗਿਣਤੀ ਤੋਂ ਦੋਗਲੇ (ਮੌਕਾਪ੍ਰਸਤ) ਕਹਾਓ ਕਿਉਂਕਿ ਆਪਣੇ ਪੋਸਟਰਾਂ, ਰਸਾਲਿਆਂ, ਰੈਲੀਆਂ ਤੇ ਮੁਜ਼ਾਹਰਿਆਂ ਨੂੰ ਕਿੱਥੇ ਲੁਕਾਵਾਂਗੇ ਜਿੰਨਾਂ ਵਿਚ ਲੱਖਾਂ ਲੋਕਾਂ ਸਾਹਮਣੇ ਅਸੀਂ ਹੀ, ਭਿੰਡਰਾਂਵਾਲੇ ਤੇ ਕੋਈ ਐਕਸ਼ਨ ਨਾ ਲੈਣ ਕਾਰਨ ਕਾਂਗਰਸ ਸਰਕਾਰ ਨੂੰ ਪਾਂਣੀ ਪਾਣੀ ਪੀ ਪੀ ਕੋਸਿਆ ਸੀ! ਲੋਕਾਂ ਦੀ ਵੱਡੀ ਗਿਣਤੀ (ਇਥੋਂ ਤੀਕ ਕਿ ਦਿਲ ਹੀ ਦਿਲ ਵਿਚ ਸਾਡੇ ਕਟੜ ਕਾਮਰੇਡ ਵੀ) ਭਿੰਡਰਾਂਵਾਲੇ ਤੇ ਉਸਦੇ ਸਹਿਯੋਗੀਆਂ ਦੇ ਖਾਤਮੇ ਤੇ ਖੁਸ਼ ਹੈ।

ਭਾਵੇਂ ਅਸੀਂ ਸਦਾ ਹੀ ਜਨਤਾ ਦੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਦਾ ਡੱਟਵਾਂ ਵਿਰੋਧ ਕਰਦੇ ਹਾਂ—ਪਰ ਜੇ ਵਰਤਮਾਨ ਹਾਲਤ ਵਿਚ ਅਸੀਂ ਮਿਲਟਰੀ ਐਕਸ਼ਨ ਜਾਂ ਫ਼ੌਜ ਦੀ ਮੌਜੂਦਗੀ ਦਾ ਸਿੱਧਾ ਅਤੇ ਸ਼ਰੇ ਆਮ ਵਿਰੋਧ ਕਰਾਂਗੇ, ਤਾਂ ਇਹ ਇਕ ਵੱਡੀ ਦਾਅ-ਪੇਚਕ ਗਲਤੀ ਹੋਵੇਗੀ। ਅਜਿਹਾ ਕਰਨ ਨਾਲ ਅਸੀਂ ਸਮੁੱਚੇ ਸਧਾਰਨ ਹਿੰਦੂ ਤਬਕੇ ਦੀ ਹਮਦਰਦੀ ਗੁਆ ਬੈਠਾਂਗੇ। ਕਿਉਂਕਿ ਅਸੀਂ ਮਿਲਟਰੀ ਰਾਜ ਦਾ ਵਿਰੋਧ ਇਸ ਦਲੀਲ ਨਾਲ ਕਰਦੇ ਹਾਂ ਕਿ ਫ਼ੌਜ ਲੋਕਾਂ ਦੇ ਹੱਕੀ ਸੰਘਰਸ਼ ਅਤੇ ਜਮਹੂਰੀ ਅਧਿਕਾਰ ਨੂੰ ਕੁਚਲਣ ਲਈ ਹੀ ਰੱਖੀ ਜਾਣੀ ਹੈ। ਪਰ ਇਥੇ ਦੋ ਮਸਲੇ ਉੱਠਦੇ ਹਨ। ਪਹਿਲਾ ਇਹ ਕਿ ਪਿਛਲੇ ਤਿੰਨ ਕੁ ਸਾਲਾਂ ਦੇ ਮਾਹੌਲ ਨੇ ਆਮ ਲੋਕਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਸੀ, ਉਹ ਪੰਜਾਬ ਪੁਲਿਸ ਦੇ ਫਿਰਕੂ, ਨਿਪੁੰਸਕ ਅਤੇ ਲੋਕ-ਵਿਰੋਧੀ ਰੋਲ ਤੋਂ ਵੀ ਬੇ-ਹੱਦ ਔਖੇ ਸਨ। ਕਾਂਗਰਸ ਦੀਆਂ ਸਿਆਸੀ ਗਿਣੌਤੀਆਂ ਕਾਰਨ, ਦਹਿਸ਼ਤ ਪਸੰਦਾਂ ਦੇ ਖਿਲਾਫ਼ ਮਿਲਟਰੀ ਐਕਸ਼ਨ, ਐਨ ਉਸ ਸਮੇਂ ਕੀਤਾ ਗਿਆ, ਜਦ ਲੋਕਾਂ ਦੇ ਸਬਰ ਦਾ ਪਿਆਲਾ ਨੱਕੋ ਨੱਕ ਭਰ ਚੁੱਕਾ ਸੀ। ਅਜਿਹੀ ਹਾਲਤ ਵਿਚ ਸਮੁੱਚੇ ਹਿੰਦੂ ਤਬਕਾ ਸਮੇਤ ਕਾਫ਼ੀ ਹੋਰ ਲੋਕ ਵੀ, ਮਿਲਟਰੀ ਨੂੰ ਆਪਣੇ ਜੀਵਨ-ਰਖਿਅਕ ਸਮਝ ਬੈਠੇ/ਸਮਝ .ਰਹੇ ਹਨ। ਭਾਵੇਂ ਹੁਣ ਹੌਲੀ ਹੌਲੀ ਲੋਕਾਂ ਨੂੰ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਕਿਵੇਂ ਖੁਦ ਮਿਲਟਰੀ ਵੀ ਫਿਰਕੂ ਅਧਾਰ ਤੇ ਕਾਰਵਾਈਆਂ ਕਰਕੇ, ਪਾੜੇ ਨੂੰ ਵਧਾ ਰਹੀ ਹੈ ਕੋਈ ਘਟਨਾ ਵਾਪਰਨ ਤੇ ਕਿਵੇਂ ਬੇਕਸੂਰ ਲੋਕਾਂ ਨੂੰ ਹੀ ਤੰਗ ਕਰਦੀ ਹੈ ਤੇ ਕਿਵੇਂ ਸਰਕਾਰ ਵਲੋਂ ਮਿਲਟਰੀ ਦੀ ਵਰਤੋਂ, ਲੋਕਾਂ ਦੇ ਸਾਂਝੇ ਹੱਕੀ ਘੋਲ ਨੂੰ ਕੁਚਲਣ ਲਈ ਕੀਤੀ ਜਾ ਰਹੀ ਹੈ। ਇਹ ਗੱਲ ਜਦ ਆਪਣੇ ਤਜਰਬੇ ਤੋਂ ਸਧਾਰਨ ਹਿੰਦੂ ਜਨਤਾ ਦੀ ਸਮਝ ਵਿਚ ਆ ਜਾਵੇਗੀ ਅਤੇ ਇਨਕਲਾਬੀ ਜਮਹੂਰੀ ਲਹਿਰ, ਉਹਨਾਂ ਦੇ ਵਡੇ ਹਿੱਸੇ ਨੂੰ ਆਪਣੇ ਨਾਲ ਜੋੜ ਕੇ ਉਹਨਾਂ ਦੇ ਮਨਾਂ ਵਿਚੋਂ ਜੀਵਨ ਦੀ ਅ-ਸੁਰਖਿਆ ਪ੍ਰਤੀ ਸ਼ੰਕੇ ਕੱਢ ਦੇਵੇਗੀ—ਤਾਂ ਹੀ ਉਹ ਮਿਲਟਰੀ ਨੂੰ ਆਪਣਾ ਦੁਸ਼ਮਣ ਸਮਝ ਕੇ, ਉਸ ਦਾ ਵਿਰੋਧ ਕਰਨ ਲਈ ਤਿਆਰ ਹੋਣਗੇ!

ਸੋ ਅੱਜ ਵਰਗੀ ਹਾਲਤ ਵਿਚ ਮੁਹਿੰਮ ਕਮੇਟੀ ਵਲੋਂ 'ਫ਼ੌਜੀ ਰਾਜ ਦਾ ਵਿਰੋਧ ਕਰੋ' ਸਬੰਧੀ ਦਿੱਤੇ ਸੱਦੇ ਨੂੰ ਹਿੰਦੂ ਤਬਕੇ ਵਲੋਂ ਕੋਈ ਹਿਮਾਇਤ ਨਹੀਂ ਮਿਲੇਗੀ। ਅਜਿਹਾ ਸਿੱਧਾ ਸੱਦਾ ਦੇਣ ਦੀ ਥਾਂ ਜੇ ਅਸੀਂ ਉਹਨਾਂ ਨੂੰ ਇਹ 'ਸਮਝਾਉਣ ਉਪਰ ਜ਼ੋਰ ਲਾਈਏ ਕਿ ਕਿਵੇਂ ਤੱਤ ਰੂਪ ਵਿਚ ਮਿਲਟਰੀ ਰਾਜ ਦਾ ਕਾਇਮ ਰਹਿਣਾ-ਸਭ ਤਬਕਿਆਂ ਦੇ ਸਧਾਰਨ ਲੋਕਾਂ ਦੇ ਹਿੱਤਾਂ ਦੇ ਉਲਟ ਹੈ ਅਤੇ ਉਹਨਾਂ ਨੂੰ ਹਰ ਖੇਤਰ ਵਿਚ ਸਾਂਝੇ ਮਸਲਿਆਂ ਸਬੰਧੀ ਸਾਂਝੇ ਘੋਲ ਸ਼ੁਰੂ ਕਰਨ ਲਈ ਪ੍ਰੇਰੀਏ ਤਾਂ ਨਜ਼ਦੀਕੀ ਭਵਿੱਖ ਵਿਚ ਹੀ ਉਹਨਾਂ ਦੀ ਵੱਡੀ ਗਿਣਤੀ ਆਪਣੇ ਤਜਰਬੇ ਤੋਂ ਫ਼ੌਜ ਦੇ ਲੋਕ-ਵਿਰੋਧੀ ਖਾਸੇ ਦੀ ਸਚਾਈ ਨੂੰ ਸਮਝ ਜਾਵੇਗੀ। ਤਦ ਉਹਨਾਂ ਨੂੰ ਮਿਲਟਰੀ ਰਾਜ ਵਗੈਰਾ ਦੇ ਵਿਰੋਧ ਵਿਚ ਸਾਂਝੇ ਤੌਰ ਤੇ ਜਥੇਬੰਦ ਕਰਨਾ ਕਿਤੇ ਵਧੇਰੇ ਪ੍ਰਭਾਵਸ਼ਾਲੀ

ਅਤੇ ਆਸਾਨ ਹੋਵੇਗਾ । ਪੰਜਾਬ ਦੀ ਲੱਗ ਭਗ ਅੱਧੀ ਆਬਾਦੀ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰਖੇ, ਬਿਨਾਂ ਕੋਈ ਨਾਹਰਾ ਦੇਣ ਦੀ ਸੂਰਤ ਵਿਚ, ਅਸੀਂ ਕੇਵਲ 'ਸਿੱਖ ਜਮਹੂਰੀਅਤ ਪਸੰਦ' ਜਾਂ 'ਸਿੱਖ ਕਾਮਰੇਡ' ਹੀ ਅਖਵਾ ਸਕਦੇ ਹਾਂ,—ਪੰਜਾਬੀ ਨਹੀਂ ?

ਦੂਜਾ ਮਸਲਾ ਜਾਂ ਸੁਆਲ ਹੈ ਕਿ ਜੇ ਇਸ ਮਿਲਟਰੀ ਐਕਸ਼ਨ ਤੋਂ ਛੇਤੀ ਬਾਦ, ਸਾਡੇ ਕੁਝ ਗਰੁਪਾਂ ਵਲੋਂ ਦਿਤੇ ਅਜਿਹੇ ਸੱਦੇ ਦਾ ਅਮਲੀ 'ਜਲਵਾ' ਵਿਖਾਉਣ ਲਈ, ਸਰਕਾਰ ਮਿਲਟਰੀ ਨੂੰ ਵਾਪਿਸ ਬੁਲਾ ਵੀ ਲੈਂਦੀ, ਤਾਂ ਕੀ "ਅਕਾਲ ਤਖ਼ਤ ਦੀ ਹੋਈ ਬੇ-ਅਦਬੀ ਦਾ ਬਦਲਾ ਲੈਣ" (ਉਹ ਭੀ ਹਿੰਦੂਆਂ ਤੋਂ ਕਿਉਂਕਿ ਭਿੰਡਰਾਂਵਾਲੇ ਦੀ ਦਲੀਲ ਮੁਤਾਬਿਕ ਸਰਕਾਰ ਦੀ ਮੁੱਖੀ ਇੰਦਰਾ ਗਾਂਧੀ ਦੇ ਹਿੰਦੂ ਜਾਂ ਬਰਾਹਮਣ ਹੋਣ ਕਾਰਨ, ਇਸ ਸੱਭ ਕਾਸੇ ਲਈ ਹਿੰਦੂ ਹੀ ਜ਼ਿੰਮੇਵਾਰ ਹਨ।) ਲਈ ਜਨੂੰਨੀ ਸਿੱਖਾਂ ਅਤੇ ਲੁਟੇਰਿਆਂ ਵਲੋਂ ਹਿੰਦੂ ਆਬਾਦੀ ਉੱਤੇ ਕੀਤੇ ਹਮਲਿਆਂ ਨਾਲ ਵੱਡੀ ਪੱਧਰ ਉਤੇ ਕਤਲ-ਆਮ ਅਤੇ ਫਿਰਕੂ ਫ਼ਸਾਦਾਂ ਦੀ ਭਿਆਨਕ ਸ਼ੁਰੂਆਤ ਨਹੀਂ ਸੀ ਹੋ ਜਾਣੀ ?

ਕੀ ਅਜਿਹੀ ਹਾਲਤ ਵਿਚ ਅਸੀਂ ਜਾਂ ਸਾਡੀ ਸਮੁੱਚੀ ਧਿਰ ਕਿਸੇ ਅਜਿਹੀ ਭਰਾ ਮਾਰ ਲੜਾਈ ਨੂੰ ਰੋਕਣ ਦੇ ਸਮਰਥ ਸੀ ਜਾਂ ਹੈ ?

ਕੀ ਅਜਿਹੇ ਫ਼ਸਾਦਾਂ ਦੇ ਇਕ-ਦਮ ਵਿਆਪਕ ਪੱਧਰ ਉਤੇ ਫੈਲ ਜਾਣ ਦੀ ਸੂਰਤ ਵਿਚ, ਪੰਜਾਬ ਦੇ ਦੋ ਬਰਾਬਰ ਦੇ ਫ਼ਿਰਕਿਆਂ ਵਿਚ ਸਦੀਵੀ ਦੁਸ਼ਮਣੀ ਜਾਂ ਬੇ-ਵਿਸ਼ਵਾਸੀ ਪੈਦਾ ਹੋਣ ਕਾਰਨ, ਪੰਜਾਬੀ ਮਿਹਨਤਕਸ਼ਾਂ ਦੀ ਜਮਾਤੀ ਏਕਤਾ ਦਾ ਸਦਾ ਲਈ ਭੱਠਾ ਨਹੀ ਬੈਠ ਜਾਵੇਗਾ ?

ਅਸੀਂ ਇਹ ਵੀ ਜਾਣਦੇ ਹਾਂ ਕਿ ਲੁਟੇਰਿਆਂ ਦੀ ਮੁੱਖ ਪ੍ਰਤੀਨਿਧ ਇੰਦਰਾ ਨੇ ਮਿਲਟਰੀ ਰਾਜ, ਮੇਹਨਤਕਸ਼ਾਂ ਦੀ ਜਮਾਤੀ ਏਕਤਾ ਕਾਇਮ ਰੱਖਣ ਲਈ ਨਹੀਂ ਲਾਇਆ—ਸਗੋਂ ਇਸ ਲੁਟੇਰੇ ਪ੍ਰਬੰਧ ਦੀ ਉਮਰ ਲੰਬੀ ਕਰਨ ਅਤੇ ਸਮੂਹ ਲੋਕਾਂ ਦੇ ਮਨਾਂ ਵਿਚ ਇਸ ਰਾਜਸੀ ਪ੍ਰਬੰਧ ਦੀ ਸਰਬ-ਸ਼ਕਤੀ ਮਾਨਤਾ ਦਾ ਦਹਿਲ ਬਿਠਾਉਣ ਲਈ ਹੀ ਲਾਗੂ ਕੀਤਾ ਹੈ। ਪਰ ਫਿਰਕੂ ਫ਼ਸਾਦਾਂ ਦੀ ਵਕਤੀ ਰੋਕ-ਥਾਮ ਵਾਲੇ ਇਸ ਦੇ ਦੋਮ-ਪੱਖ ਨੂੰ ਵੀ ਬਿਲਕੁਲ ਨਕਾਰਿਆ ਨਹੀਂ ਜਾ ਸਕਦਾ—ਉਦੋਂ ਤਾਂ ਬਿਲਕੁਲ ਹੀ ਨਹੀਂ ਜਦੋਂ ਅਜੇ ਸੂਬੇ ਦੀ ਅੱਧੀ ਅਬਾਦੀ ਇਸਨੂੰ ਜ਼ਿੰਦਗੀ-ਮੌਤ ਦਾ ਸੁਆਲ ਮੰਨ ਰਹੀ ਹੋਵੇ। ਸੋ ਉਸ ਸਮੇਂ ਸਾਡੇ ਸਾਹਮਣੇ ਦੋ ਬੁਰਾਈਆਂ ਵਿਚੋਂ ਇਕ ਨੂੰ ਸਹਿਨ ਕਰਨ ਦਾ ਸੁਆਲ ਸੀ—ਫਿਰਕੂ ਫ਼ਸਾਦ ਜਾਂ ਫ਼ੌਜੀ ਰਾਜ ?

ਭਾਵੇਂ ਇਹ ਸਾਫ਼ ਹੈ ਕਿ ਫ਼ੌਜ ਦੀ ਮੌਜੂਦਗੀ ਵਿਚ ਵੀ ਦਹਿਸ਼ਤ-ਪਸੰਦੀ ਦੀਆਂ ਘਟਨਾਵਾਂ ਮੁਕੰਮਲ ਬੰਦ ਨਹੀਂ ਹੋਈਆਂ, ਪਰ ਪੰਜਾਬ ਪੁਲਿਸ ਉਤੇ ਸ਼ੱਕ ਤੇ ਬੇ-ਭਰੋਸਗੀ ਹੋਣ ਕਾਰਨ, ਸਧਾਰਨ ਹਿੰਦੂ ਜਨਤਾ ਅਜੇ ਵੀ ਫ਼ੌਜ ਦੀ ਮੌਜੂਦਗੀ ਵਿਚ ਆਪਣੇ ਆਪ ਨੂੰ ਕੁਝ ਵਧੇਰੇ ਸੁਰਖਿਅਤ ਮਹਿਸੂਸ ਕਰ ਰਹੀ ਹੈ। ਮਿਲਟਰੀ ਦੇ ਛੇਤੀ ਤੌਰ ਤੇ ਚਲੇ ਜਾਣ ਨਾਲ, ਸਾਡਾ ਵਾਹ ਅਟੱਲ ਤੌਰ ਤੇ ਹੁਣ ਨਾਲੋਂ ਕਿਤੇ ਵਧੇਰੇ ਅਤੇ ਫਿਰਕੂ ਵਾਰਦਾਤਾਂ ਨਾਲ ਪਵੇਗਾ, ਜਿਨ੍ਹਾਂ ਤੇ ਕਾਬੂ ਪਾਉਣ ਜਾਂ ਟਾਕਰਾ ਕਰਨ ਦੇ ਫਿਲਹਾਲ ਅਸੀਂ ਸਮਰਥ ਨਹੀਂ—ਇਹ ਸਰਕਾਰ ਨੂੰ ਮੁੜ ਲੰਬੇ ਸਮੇਂ ਲਈ ਅਜਿਹਾ ਰਾਜ ਲਾਗੂ ਕਰਨ ਦਾ ਬਹਾਨਾ ਦੇਣਗੀਆਂ।

ਇਸ ਤਰਾਂ ਜਿਥੇ ਇਨ੍ਹਾਂ ਫ਼ਸਾਦਾਂ ਨਾਲ ਮੇਹਨਤਕਸ਼ਾਂ ਦੀ ਜਮਾਤੀ ਏਕਤਾ ਨੂੰ ਇਤਿਹਾਸਕ ਸੱਟ ਲਗ ਸਕਦੀ ਹੈ, ਉਥੇ ਅਜਿਹੇ ਰਾਜ ਤੇ ਕਾਲੇ ਕਾਨੂੰਨਾਂ ਦੇ ਅਸਲ ਤੱਤ ਤੋਂ, ਵਿਸ਼ਾਲ ਜਨ-ਸਮੂਹਾਂ ਨੂੰ ਜਾਣੂ ਕਰਾਉਣ ਲਈ ਅਗਾਂਹ ਵਧੂ ਸ਼ਕਤੀਆਂ ਵਲੋਂ ਖੁੱਲ੍ਹੇ ਅਤੇ ਗੁਪਤ ਤੌਰ ਤੇ ਚਲਾਈ ਜ਼ੋਰਦਾਰ ਪ੍ਰਚਾਰ ਮੁਹਿੰਮ, ਨਜ਼ਦੀਕੀ ਭਵਿੱਖ ਵਿਚ ਲੋਕਾਂ ਦੇ (ਖਾਸ ਕਰਕੇ ਹਿੰਦੂ ਤਬਕੇ ਦੇ) ਹੱਡੀਂ-ਹੰਢਾਏ ਤਜਰਬੇ ਨਾਲ ਮਿਲ ਕੇ ਉਨ੍ਹਾਂ ਦੇ ਦਿਮਾਗਾਂ ਵਿਚ ਤਲਖ਼ ਹਕੀਕਤਾਂ ਦੇ ਨਕਸ਼ ਉਘੇੜੇਗੀ ਅਤੇ ਉਨ੍ਹਾਂ ਨੂੰ ਆਪਸੀ ਭਰਾ-ਮਾਰ ਲੜਾਈ ਵਿਚ ਉਲਝਣ ਦੀ ਥਾਂ, ਆਪਣੇ ਜਮਾਤੀ ਦੁਸ਼ਮਣਾਂ ਅਤੇ ਉਨ੍ਹਾਂ ਦੇ ਹਿਤਾਂ ਦੀ ਰਖੇਲ ਮਿਲਟਰੀ ਵਿਰੁਧ ਸਾਂਝੇ ਇਨਕਲਾਬੀ ਘੋਲ ਲੜਨ ਲਈ ਪ੍ਰੇਰਿਤ ਕਰੇਗੀ।

ਹੁਣ ਜਦ ਸਰਕਾਰ ਦੀ ਵਰਤਮਾਨ ਸਖਤੀ ਲੋਕਾਂ ਨੂੰ ਵਕਤੀ ਤੌਰ ਤੇ ਚੁੱਪ ਬੈਠਣ ਲਈ ਮਜਬੂਰ ਕਰ ਰਹੀ ਹੈ—ਤਾਂ ਅਸੀਂ ਆਪਣਾ ਸਾਰਾ ਜ਼ੋਰ ਲਗਾ ਕੇ, ਉਨ੍ਹਾਂ ਵਿਚੋਂ ਬਹੁਤਿਆਂ ਦੇ ਦਿਮਾਗਾਂ ਵਿਚੋਂ ਫਿਰਕੂ ਜ਼ਹਿਰ ਦਾ ਅਸਰ ਖ਼ਤਮ ਕਰਕੇ, ਜਮਾਤੀ ਚੇਤਨਾ ਅਤੇ ਜਮਾਤੀ ਸੰਘਰਸ਼ ਦੀ ਸੋਚ ਦਾ ਸੰਚਾਰ ਕਰ ਸਕਦੇ ਹਾਂ—ਤੇ ਸਾਨੂੰ ਇਹੀ ਕਰਨਾ ਚਾਹੀਦਾ ਹੈ। ਏਦਾਂ ਕਰਨ ਨਾਲ ਹੀ ਅਸੀਂ ਲੋਟੂ ਜਮਾਤਾਂ ਦੇ ਹਥਿਆਰ 'ਫਿਰਕੂ ਹਨ੍ਹੇਰੀ' ਨਾਲ ਠੱਲ੍ਹ ਕੇ, ਮਨੁੱਖਤਾ ਦੇ ਸੁਨਹਿਰੀ ਭਵਿੱਖ ਅਗੇ ਵੱਲ ਵਧ ਸਕਦੇ ਹਾਂ।

ਸੋ ਮੁਹਿੰਮ ਕਮੇਟੀ ਵਲੋਂ ਪਾਸ ਕੀਤੇ ਹੋਰ ਮਤਿਆਂ ਨਾਲ ਸਹਿਮਤੀ ਰਖਦੇ ਹੋਏ, ਅਸੀਂ ਕੁਝ ਮੰਗਾਂ ਨੂੰ ਹੇਠ ਲਿਖੇ ਅਨੁਸਾਰ ਪੇਸ਼ ਕਰ ਰਹੇ ਹਾਂ:

1. ਹੱਕੀ ਲੋਕ-ਘੋਲਾਂ ਦੇ ਖ਼ਿਲਾਫ਼ ਕੀਤੀ ਜਾ ਰਹੀ ਮਿਲਟਰੀ ਦੀ ਵਰਤੋਂ, ਤੁਰੰਤ ਬੰਦ ਕੀਤੀ ਜਾਵੇ।

2. ਸਮੁੱਚੀ ਅਫਿਰਕੂ ਅਤੇ ਜਮਹੂਰੀ ਪ੍ਰੈਸ ਦੀ ਆਜ਼ਾਦੀ, ਮੁਕੰਮਲ ਤੌਰ ਤੇ ਬਹਾਲ ਕੀਤੀ ਜਾਵੇ।

Registered with the Registrar, News Papers, Vide No. MA/12397-D dated 18.4.80
Post Office No. P/AR—133

3. ਸਾਰੀਆਂ ਗੈਰ-ਫਿਰਕੂ ਜਥੇਬੰਦੀਆਂ ਅਤੇ ਪਾਰਟੀਆਂ ਦੀਆਂ ਸਰਗਰਮੀਆਂ ਉੱਤੇ ਲਾਈਆਂ ਪਾਬੰਦੀਆਂ ਤੁਰੰਤ ਖ਼ਤਮ ਕੀਤੀਆਂ ਜਾਣ।

4. ਪਿਛਲੇ ਸਮੇਂ ਵਿਚ ਜਾਰੀ ਕੀਤੇ ਸਾਰੇ ਕਾਲੇ ਕਾਨੂੰਨ ਅਤੇ ਆਰਡੀਨੈਂਸ ਤੁਰੰਤ ਰੱਦ ਕੀਤੇ ਜਾਣ ਕਿਉਂਕਿ ਜੇ ਸਰਕਾਰ ਚਾਹੇ ਤਾਂ ਦਹਿਸ਼ਤ ਪਸੰਦਾਂ ਨਾਲ ਨਜਿੱਠਣ ਲਈ ਉਸ ਕੋਲ ਪਹਿਲਾਂ ਹੀ ਬੇ-ਥਾਹ ਅਧਿਕਾਰ ਹਨ।

5. ਸਾਰੇ ਕਾਤਲਾਂ ਅਤੇ ਫ਼ਿਰਕੂ ਦਹਿਸ਼ਤ-ਪਸੰਦਾਂ ਨੂੰ, ਉਨ੍ਹਾਂ ਦੇ ਜ਼ੁਰਮ ਮੁਤਾਬਿਕ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਪਰ ਝੂਠੇ ਪੁਲਿਸ ਮੁਕਾਬਲੇ ਤੁਰੰਤ ਬੰਦ ਕੀਤੇ ਜਾਣ ਤੇ ਬੇਕਸੂਰ ਲੋਕਾਂ ਨੂੰ ਰਿਹਾ ਕੀਤਾ ਜਾਵੇ।

6. ਬੇਗੁਨਾਹ ਲੋਕਾਂ ਉੱਤੇ ਕੀਤਾ ਜਾ ਰਿਹਾ ਤਸ਼ੱਦਦ ਬੰਦ ਕੀਤਾ ਜਾਵੇ ਅਤੇ ਹੁਣ ਤੀਕ ਗ੍ਰਿਫ਼ਤਾਰ ਕੀਤੇ ਅਤੇ ਮਾਰੇ ਗਏ ਸਮੂਹ ਵਿਅਕਤੀਆਂ ਦੀ ਮੁਕੰਮਲ ਲਿਸਟ ਜਾਰੀ ਕੀਤੀ ਜਾਵੇ।

7. ਹਰ ਕਿਸਮ ਦੀਆਂ ਫਿਰਕੂ ਸਰਗਰਮੀਆਂ, ਪ੍ਰਚਾਰ ਅਤੇ ਪ੍ਰਕਾਸ਼ਨਾਵਾਂ ਉਪਰ ਸਖ਼ਤ ਪਾਬੰਦੀ ਲਾਈ ਜਾਵੇ।

ਇਸ ਦੇ ਨਾਲ ਹੀ ਫਿਰਕੂ ਪਾੜਾ ਖ਼ਤਮ ਕਰਨ ਵੱਲ ਵਧਣ ਦੇ ਮਹੱਤਵਪੂਰਨ ਨੁਕਤੇ ਵਜੋਂ, ਸਾਨੂੰ ਹਿੰਦੂ ਧਰਮ ਨਾਲ ਸਬੰਧ ਰੱਖਣ ਵਾਲੇ ਮਿਹਨਤ-ਕਸ਼ਾਂ ਦੇ ਵਿਸ਼ਾਲ ਹਿੱਸਿਆਂ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਪਲੇਟਫਾਰਮ ਉਤੇ ਲਿਆਉਣ ਲਈ, ਸੁਚੇਤ ਤੌਰ ਤੇ ਜ਼ੋਰਦਾਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਸਮੂਹ ਸਧਾਰਨ ਲੋਕਾਂ ਉਤੇ ਹੋ ਰਹੇ ਸਰਕਾਰੀ ਜਬਰ ਅਤੇ ਧੱਕੇ ਦੇ ਖ਼ਿਲਾਫ਼ ਘੋਲ ਵਿਚ ਵੱਧ ਤੋਂ ਵੱਧ ਅੱਗੇ ਆਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ○

---

ਪੁਸਤਕ ਪਹਿਚਾਣ

## ਪਹੁੰਚੇ ਹਾਂ ਕਿਸ ਮੁਕਾਮ ਤੇ

ਪਲਸ ਮੰਚ ਪ੍ਰਕਾਸ਼ਨ ਮੁੱਲ 4/-

ਪੰਜਾਬ ਲੋਕ ਸਭਿਆਚਾਰ (ਪਲਸ) ਮੰਚ ਪ੍ਰਕਾਸ਼ਨ ਵਲੋਂ ਪਹਿਲੀ ਪੁਸਤਕ 'ਪਹੁੰਚੇ ਹਾਂ ਕਿਸ ਮੁਕਾਮ ਤੇ' 28 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਇਕ ਵਿਸ਼ਾਲ ਸਾਹਿਤਕ ਸਮਾਗਮ ਵਿਚ ਰੀਲੀਜ਼ ਕੀਤੀ ਜਾ ਰਹੀ ਹੈ। ਪੰਜਾਬ ਦੀ ਧਰਤੀ ਪਹਿਲੇ ਫਿਰਕੂ ਜਨੂੰਨ ਅਤੇ ਫੇਰ ਫੌਜੀ ਜਬਰ ਦੇ ਬੂਟਾਂ ਥੱਲੇ ਲਿਤਾੜੀ ਗਈ। ਹਜ਼ਾਰਾਂ ਬੇਗੁਨਾਹ ਲੋਕਾਂ ਦੀ ਜਾਨਾਂ ਦੀ ਬਲੀ ਇਸ ਹਨੇਰੀ ਨੇ ਲਈ। ਸਾਹਿਤਕਾਰਾਂ ਨੇ ਇਸ ਹਨੇਰੀ ਵਿਚ ਕੀ ਭੂਮਿਕਾ ਨਿਭਾਈ, ਇਸਦਾ ਇਕ ਕਾਵਿਕ ਰੀਕਾਰਡ ਪੁਸਤਕ 'ਪਹੁੰਚੇ ਹਾਂ ਕਿਸ ਮੁਕਾਮ ਤੇ' ਵਿਚ ਹਾਜ਼ਰ ਹੈ। ਪ੍ਰਮਿੰਦਰਜੀਤ ਅਤੇ ਗੁਰਸ਼ਰਨ ਸਿੰਘ ਨੇ ਰਲ ਕੇ ਇਸ ਪੁਸਤਕ ਨੂੰ ਸੰਪਾਦਤ ਕੀਤਾ ਹੈ। ਮੁੱਢਲੇ ਸਫ਼ੇ ਤੇ ਪ੍ਰਮਿੰਦਰਜੀਤ ਵਲੋਂ ਲਿਖੀਆਂ ਸਤਰਾਂ:

'ਬਹੁਤ ਹੋਈ ਏ ਇਸ ਵਾਰ ਜ਼ਖ਼ਮਾਂ ਦੀ ਫਸਲ
ਉਮਰ ਭਰ ਵੱਢਦੇ ਵੀ ਰਹੇ ਤਾਂ ਨਹੀਂ ਮੁੱਕਣੀ
ਰਾਤ ਖੜੀ ਹੈ ਹਰ ਚੌਰਾਹੇ ਤੇ ਪਾ ਕੇ ਲਹੂ ਦਾ ਲਿਬਾਸ
ਸੁਬ੍ਹਾ ਆਉਂਦੀ ਹੈ ਹੱਥ ਵਿਚ ਲੈ ਕੇ ਲਿਸ਼ਕਦੀ ਸੰਗੀਨ
ਅੰਬਰ ਤੇ ਜਿਵੇਂ ਸੂਰਜ ਦਾ ਵਿਰਲਾਪ ਉਦੈ ਹੋਇਆ।'

ਇਸ ਕਿਤਾਬ ਦੇ ਸਮੁੱਚੇ ਮੂਡ ਨੂੰ ਬਿਆਨ ਕਰਦੀ ਹੈ।

ਕਿਤਾਬ ਵਿਚ ਸ਼ਾਮਿਲ ਕਵਿਤਾਵਾਂ ਵਿਚ ਜਿਥੇ ਡਾ: ਹਰਭਜਨ ਸਿੰਘ ਦੀ ਕਵਿਤਾ 'ਕੀ ਫੌਜਾਂ ਦਾ ਮਾਣ' ਇਕ ਰੌਂ ਨੂੰ ਰੂਪਮਾਨ ਕਰਦੀ ਹੈ, ਤਾਂ ਸੰਤੋਖ ਸਿੰਘ ਧੀਰ ਦੀ ਸ਼ਮੀ ਦੇ ਸ਼ੋਕ ਸਮਾਗਮ ਤੇ ਪੜ੍ਹੀ ਕਵਿਤਾ 'ਕਿੰਨਾ ਬਦਮਾਸ਼ ਹੈ ਔਰੰਗਜ਼ੇਬ' ਫਿਰਕੂ ਜਨੂੰਨ ਵਿਰੁਧ ਜ਼ੋਰਦਾਰ ਆਵਾਜ਼ ਬੁਲੰਦ ਕਰਦੀ ਹੈ। ਮੋਹਨਜੀਤ, ਸੁਰਜੀਤ ਪਾਤਰ, ਕੁਮਾਰ ਵਿਕਲ, ਫਤਿਹਜੀਤ, ਮਨਜੀਤ ਟਿਵਾਣਾ, ਭਹਰਜਨ ਹੁੰਦਲ, ਗੁਰਦੇਵ ਚੌਹਾਨ, ਸੌਰਦ ਸੁਦੀਪ, ਰਾਜਬੀਰ, ਨਵਜੀਤ ਜੌਹਲ, ਪਾਲ ਕੌਰ, ਸਰਦਾਰ ਪੰਛੀ, ਸੁਖਬੀਰ, ਅਮਰ ਚਿਤਰਕਾਰ, ਅਜਾਇਬ ਹੁੰਦਲ, ਗੁਲ ਚੌਹਾਨ, ਸ਼ਹਰਯਾਰ, ਸਵਿਤੋਜ, ਸਰਿਫਨ ਖੁਮਾਰ ਵਿਰਮਾ, ਅਮਰੀਕ ਅਮਨ, ਮਹਿੰਦਰ ਰਾਮਪੁਰੀ, ਹਰਭਜਨ ਹਲਵਾਰਵੀ, ਸੁਰਿੰਦਰ ਧੰਜਲ, ਗੁਰਭਜਨ ਗਿੱਲ, ਪ੍ਰਮਿੰਦਰਜੀਤ, ਆਤਮਜੀਤ, ਮੇਜਰ ਪਿਆਰ ਸਿੰਘ, ਜਤਿੰਦਰ ਜੌਲੀ, ਭੁਪਿੰਦਰ ਹਮਦਰਦਵੀਰ, ਸੁਰਜੀਤ ਬਰਾੜ, ਜੰਗੀਰ ਜੋਸ਼ਨ, ਮਨਮੋਹਨ ਸਿੱਧੂ, ਉਲਫਤ ਬਾਜਵਾ, ਪਾਲ ਗੁਰਦਾਸਪੁਰੀ, ਅਜਮੇਰ ਗਿੱਲ, ਧਰਮਪਾਲ ਉਪਾਸ਼ਕ, ਗੁਰਬਖਸ਼ ਜੱਸ, ਅਮਰੀਕ ਡੋਗਰਾ, ਸੁਲੱਖਣ ਸਰਹੱਦੀ, ਕੇਵਲ ਧਾਲੀਵਾਲ, ਜੈਦੇਵ, ਦਿਲਬਰ ਅਤੇ ਰਵਿੰਦਰ ਰਵੀ ਤੇ ਜਗਤਾਰ ਹੋਰਾਂ ਦਾ ਕਲਾਮ ਇਸ anthology ਵਿਚ ਸ਼ਾਮਿਲ ਹੈ। ਗੁਰਸ਼ਰਨ ਸਿੰਘ ਵਲੋਂ ਪੁਸਤਕ ਦੀ ਬੈਕ ਤੇ ਲਿਖੇ ਹੋਏ ਹੇਠਲੇ ਸ਼ਬਦ ਇਸ ਕਾਵਿ-ਸੰਗ੍ਰਿਹ ਲਈ ਪੂਰੀ ਤਰ੍ਹਾਂ ਢੁਕਵੇਂ ਹਨ।

'ਮਿਹਣੇ ਵਾਕੁਨ ਇਹ ਗੱਲ ਆਖੀ ਜਾਂਦੀ ਹੈ ਕਿ, ਜਦੋਂ ਪੰਜਾਬ ਦੀ ਧਰਤੀ ਇਕ ਸੰਤਾਪ ਦੇ ਦੌਰ ਵਿਚੋਂ ਲੰਘ ਰਹੀ ਸੀ ਤਾਂ ਕਲਮਾਂ ਵਾਲੇ ਚੁੱਪ ਕਿਉਂ ਸਨ? ਇਹ ਮਿਹਣਾ ਪੂਰਾ ਸੱਚ ਨਹੀਂ। ਕਲਮਾਂ ਕਦੀ ਵੀ ਚੁੱਪ ਨਹੀਂ ਸਨ। ਪੀੜ ਦੇ ਹਰ ਇਕ ਪਲ ਨੂੰ ਉਹਨਾਂ ਨੇ ਆਪਣੇ ਵਿਚ ਸਮੋਇਆ ਤੇ ਆਪਣਾ ਪ੍ਰਤੀਕਰਮ ਕਲਮ-ਬੰਦ ਕੀਤਾ। ਇਸ ਪ੍ਰਤੀਕਰਮ ਵਿਚ ਚੀਖ ਤੇ ਚੀਸ, ਰੋਹ ਅਤੇ ਰੋਸ, ਦੁਬਿਧਾ, ਭਰਮ ਤੇ ਰੰਜਸ਼, ਬਗਾਵਤ ਤੇ ਵੰਗਾਰ ਸਭ ਰੰਗ ਵਿਚ ਸ਼ਾਮਿਲ ਹਨ। ਇਸ ਕਾਵਿ-ਸੰਗ੍ਰਿਹ ਦੀਆਂ ਕਵਿਤਾਵਾਂ ਇਸ ਅਮਲ ਦਾ ਪ੍ਰਮਾਣ ਹਨ ਤੇ ਆਪਣੇ ਆਪ ਵਿਚ ਇਸ ਦੌਰ ਦਾ ਕਾਵਿਕ ਰਿਕਾਰਡ ਹਨ ਜੋ ਮੁਕੰਮਲ ਤੇ ਨਹੀਂ – ਪਰ ਪ੍ਰਤੀਨਿਧ ਜ਼ਰੂਰ ਕਿਹਾ ਜਾ ਸਕਦਾ ਹੈ।

ਪਲਸ ਮੰਚ ਪ੍ਰਕਾਸ਼ਨ ਇਸ ਉਦਮ ਲਈ ਵਧਾਈ ਦੀ ਹੱਕਦਾਰ ਹੈ।